# Punjab Government Gazette

## EXTRAORDINARY

*Published by Authority*

CHANDIGARH, SATURDAY, DECEMBER 6, 2025

(AGRAHAYANA 15, 1947 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ ਐਕਟ, 1978 (1978 ਦਾ ਪੰਜਾਬ ਐਕਟ ਨੰ. 12) | ... 733-736 |
| | 2. ਪੰਜਾਬ ਨਗਰਪਾਲਕ ਫ਼ੰਡ ਐਕਟ, 2006 (2006 ਦਾ ਪੰਜਾਬ ਐਕਟ ਨੰ. 27) | ... 737-742 |
| | 3. ਪੰਜਾਬ ਭਗਵਾਨ ਵਾਲਮੀਕ ਜੀ ਤੀਰਥ ਸਥਾਨ (ਰਾਮ ਤੀਰਥ) ਪਵਿੱਤਰ ਅਸਥਾਨ ਬੋਰਡ ਐਕਟ, 2016 (2016 ਦਾ ਪੰਜਾਬ ਐਕਟ ਨੰ. 58) | ... 743-760 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

**ਭਾਗ–I**

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 5 ਦਸੰਬਰ, 2025

ਨੰ. 60/ਭ:ਕ/2025.– ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ ਐਕਟ, 1978 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 5th December, 2025

**No. 60/L.C./2025.**— The Translation in Punjabi of the Salary and Allowances of Leader of Opposition in Legislative Assembly Act, 1978 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ ਐਕਟ, 1978

(1978 ਦਾ ਪੰਜਾਬ ਐਕਟ ਨੰ. 12)

ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤਿਆਂ ਦਾ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਉਨੱਤੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ ਐਕਟ, 1978 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਅਜਿਹੀ ਤਰੀਕ ਤੋਂ ਨਾਫ਼ਜ਼ ਹੋਵੇਗਾ ਜੋ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਨਿਯਤ ਕਰੇ।

2. ਇਸ ਐਕਟ ਵਿੱਚ, ਜੇਕਰ ਵਿਸ਼ੇ ਜਾਂ ਪ੍ਰਸੰਗ ਵਿੱਚ ਕੁਝ ਵੀ ਵਿਰੁੱਧ ਨਾ ਹੋਵੇ,– ਪਰਿਭਾਸ਼ਾਵਾਂ।

(ੳ) "ਵਿਧਾਨ ਸਭਾ" ਦਾ ਮਤਲਬ ਹੈ ਪੰਜਾਬ ਵਿਧਾਨ ਸਭਾ;

(ਅ) "ਵਿਰੋਧੀ ਧਿਰ ਦੇ ਨੇਤਾ" ਦਾ ਮਤਲਬ ਹੈ ਵਿਧਾਨ ਸਭਾ ਦਾ ਉਹ ਮੈਂਬਰ ਜੋ ਤੱਤ ਸਮੇਂ ਲਈ, ਸਰਕਾਰ ਦੇ ਵਿਰੋਧ ਵਿੱਚ ਸਭ ਤੋਂ ਵੱਧ ਸੰਖਿਆਤਮਕ ਤਾਕਤ ਵਾਲੀ ਧਿਰ ਦਾ ਨੇਤਾ ਹੈ ਅਤੇ ਜਿਸਨੂੰ ਸਪੀਕਰ ਦੁਆਰਾ ਅਜਿਹੇ ਤੌਰ ਤੇ ਮਾਨਤਾ ਦਿੱਤੀ ਗਈ ਹੈ;

ਵਿਆਖਿਆ.– ਜਿੱਥੇ ਸਰਕਾਰ ਦੇ ਵਿਰੋਧ ਵਿੱਚ ਦੋ ਜਾਂ ਦੋ ਤੋਂ ਵੱਧ ਧਿਰਾਂ ਦੀ ਸੰਖਿਆਤਮਕ ਗਿਣਤੀ ਬਰਾਬਰ ਹੋਵੇ, ਉੱਥੇ ਸਪੀਕਰ, ਧਿਰਾਂ ਦੀ ਪ੍ਰਤਿਸ਼ਠਾ ਨੂੰ ਧਿਆਨ ਵਿੱਚ ਰੱਖਦੇ ਹੋਏ, ਅਜਿਹੀਆਂ ਧਿਰਾਂ ਦੇ ਨੇਤਾਵਾਂ ਵਿੱਚੋਂ ਕਿਸੇ ਇੱਕ ਨੂੰ ਇਸ ਧਾਰਾ ਦੇ ਪ੍ਰਯੋਜਨਾਂ ਲਈ ਵਿਰੋਧੀ ਧਿਰ ਦੇ ਨੇਤਾ ਵਜੋਂ ਮਾਨਤਾ ਦੇਵੇਗਾ ਅਤੇ ਅਜਿਹੀ ਮਾਨਤਾ ਅੰਤਿਮ ਅਤੇ ਨਿਰਣੇਈ ਹੋਵੇਗੀ; ਅਤੇ

(ੲ) "ਸਪੀਕਰ" ਦਾ ਮਤਲਬ ਹੈ ਪੰਜਾਬ ਵਿਧਾਨ ਸਭਾ ਦਾ ਸਪੀਕਰ।

ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ।

3. ਵਿਰੋਧੀ ਧਿਰ ਦੇ ਨੇਤਾ ਨੂੰ ਤਨਖਾਹ ਮਹਿਮਾਨ ਭੱਤੇ ਅਤੇ ਮੁਆਵਜ਼ੀ ਭੱਤੇ ਅਦਾ ਕੀਤੇ ਜਾਣਗੇ ਜੋ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ ਐਕਟ, 1947 ਦੀ ਧਾਰਾ 2 ਦੀ ਉਪ-ਧਾਰਾ (1) ਦੇ ਖੰਡ (ਅ) ਅਧੀਨ ਇੱਕ ਮੰਤਰੀ ਨੂੰ ਮਿਲਣਯੋਗ ਹਨ।

ਵਾਧੂ ਆਮਦਨੀ ਦਾ ਆਮਦਨ ਕਰ ਤੋਂ ਬਿਨਾਂ ਹੋਣਾ।

3-ਓ. ਇਸ ਐਕਟ ਅਧੀਨ ਵਿਰੋਧੀ ਧਿਰ ਦੇ ਨੇਤਾ ਨੂੰ ਮਿਲਣਯੋਗ ਮੁਫ਼ਤ ਸਜਿਆ ਹੋਇਆ ਘਰ ਅਤੇ ਹੋਰ ਭੱਤੇ, ਆਮਦਨ ਕਰ ਤੋਂ ਬਿਨਾਂ ਹੋਣਗੇ, ਜੋ ਰਾਜ ਸਰਕਾਰ ਦੁਆਰਾ ਅਦਾਇਗੀਯੋਗ ਹੋਣਗੇ।

ਵਿਰੋਧੀ ਧਿਰ ਦੇ ਨੇਤਾ ਲਈ ਨਿਵਾਸ।

4. ਵਿਰੋਧੀ ਧਿਰ ਦੇ ਨੇਤਾ ਨੂੰ ਰਾਜ ਦੇ ਮੁੱਖ ਦਫ਼ਤਰ ਵਿਖੇ ਕਿਰਾਏ ਤੋਂ ਮੁਕਤ ਸਰਕਾਰੀ ਘਰ ਜਾਂ ਮਕਾਨ ਕਿਰਾਇਆ ਭੱਤੇ ਅਤੇ ਹੋਰ ਭੱਤੇ ਮੁਹੱਈਆ ਕੀਤੇ ਜਾਣਗੇ ਜੋ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ ਐਕਟ, 1947 ਦੀ ਧਾਰਾ 2 ਦੀਆਂ ਉਪ-ਧਾਰਾਵਾਂ (2), (2-ੳ), (2-ਅ) ਅਤੇ (2-ੲ) ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੇ ਅਧੀਨ ਇੱਕ ਮੰਤਰੀ ਨੂੰ ਮਿਲਣਯੋਗ ਹਨ।

ਵਿਰੋਧੀ ਧਿਰ ਦੇ ਨੇਤਾ ਨੂੰ ਯਾਤਰਾ ਅਤੇ ਰੋਜ਼ਾਨਾ ਭੱਤੇ।

5. ਰਾਜ ਸਰਕਾਰ ਦੁਆਰਾ ਇਸ ਨਮਿੱਤ ਬਣਾਏ ਗਏ ਕਿਸੇ ਨਿਯਮਾਂ ਦੇ ਤਾਬੇ, ਵਿਰੋਧੀ ਧਿਰ ਦਾ ਨੇਤਾ –

(ੳ) ਆਪਣੇ ਅਤੇ ਆਪਣੇ ਪਰਿਵਾਰ ਦੇ ਮੈਂਬਰਾਂ ਲਈ ਅਤੇ ਆਪਣੀਆਂ ਅਤੇ ਆਪਣੇ ਪਰਿਵਾਰ ਦੀਆਂ ਚੀਜ਼ਾਂ ਦੇ ਟਰਾਂਸਪੋਰਟ ਲਈ ਯਾਤਰਾ ਭੱਤੇ –

(i) ਅਹੁਦਾ ਸੰਭਾਲਣ ਲਈ ਚੰਡੀਗੜ੍ਹ ਤੋਂ ਬਾਹਰ ਆਪਣੇ ਆਮ ਨਿਵਾਸ ਸਥਾਨ ਤੋਂ ਚੰਡੀਗੜ੍ਹ ਦੇ ਸਫ਼ਰ ਦੇ ਬਾਰੇ ਵਿੱਚ; ਅਤੇ

(ii) ਅਹੁਦਾ ਤਿਆਗਣ 'ਤੇ ਚੰਡੀਗੜ੍ਹ ਤੋਂ ਬਾਹਰ ਆਪਣੇ ਆਮ ਨਿਵਾਸ ਸਥਾਨ ਤੋਂ ਚੰਡੀਗੜ੍ਹ ਤੱਕ ਦੇ ਸਫ਼ਰ ਦੇ ਬਾਰੇ ਵਿੱਚ; ਅਤੇ

(ਅ) ਵਿਰੋਧੀ ਧਿਰ ਦੇ ਨੇਤਾ ਵਜੋਂ ਆਪਣੇ ਕਰਤੱਵਾਂ ਨੂੰ ਨਿਭਾਉਂਦੇ ਹੋਏ, ਭਾਵੇਂ ਸਮੁੰਦਰ, ਭੋਂ ਜਾਂ ਹਵਾ ਦੁਆਰਾ ਕੀਤੇ ਗਏ ਦੌਰਿਆਂ ਦੇ ਬਾਰੇ ਵਿੱਚ,

ਯਾਤਰਾ ਅਤੇ ਰੋਜ਼ਾਨਾ ਭੱਤਿਆਂ ਦਾ ਹੱਕਦਾਰ ਹੋਵੇਗਾ।

ਵਿਰੋਧੀ ਧਿਰ ਦੇ ਨੇਤਾ ਨੂੰ ਡਾਕਟਰੀ ਅਤੇ ਹੋਰ ਸਹੂਲਤਾਂ।

6. (1) ਵਿਰੋਧੀ ਧਿਰ ਦਾ ਨੇਤਾ ਅਤੇ ਉਸਦੇ ਪਰਿਵਾਰ ਦੇ ਮੈਂਬਰ ਉਹੀ ਮੈਡੀਕਲ ਸਹੂਲਤਾਂ ਲੈਣ ਦੇ ਹੱਕਦਾਰ ਹੋਣਗੇ ਜੋ ਪੰਜਾਬ ਰਾਜ ਵਿਧਾਨ ਮੰਡਲ ਅਧਿਕਾਰੀਆਂ, ਮੰਤਰੀਆਂ ਅਤੇ ਮੈਂਬਰਾਂ (ਮੈਡੀਕਲ ਸਹੂਲਤਾਂ) ਐਕਟ, 1965 ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਅਧੀਨ ਇੱਕ ਮੰਤਰੀ ਨੂੰ ਮਿਲਣਯੋਗ ਹਨ।

(2) ਵਿਰੋਧੀ ਧਿਰ ਦਾ ਨੇਤਾ ਯਾਤਰਾ ਰਿਆਇਤ, ਚੋਣ ਹਲਕਾ, ਸਕੱਤਰੇਤ ਅਤੇ ਡਾਕ ਸਹੂਲਤਾਂ ਭੱਤੇ ਅਤੇ ਚੋਣ ਹਲਕੇ ਵਿੱਚ ਦਫ਼ਤਰੀ ਭੱਤਿਆਂ ਲਈ ਉਹੀ ਸਹੂਲਤਾਂ ਦਾ ਹੱਕਦਾਰ ਹੋਵੇਗਾ, ਜੋ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ ਐਕਟ, 1947 ਦੀਆਂ ਧਾਰਾਵਾਂ 2-ਅਅ ਅਤੇ 2-ਅਅਅ ਅਧੀਨ ਇੱਕ ਮੰਤਰੀ ਨੂੰ ਮਿਲਣਯੋਗ ਹਨ।

(3) ਜਿੱਥੇ ਵਿਰੋਧੀ ਧਿਰ ਦੇ ਨੇਤਾ ਨੇ ਉਪ-ਧਾਰਾ (2) ਅਧੀਨ ਪੇਸ਼ਗੀ ਧਨ ਹਾਸਲ ਕੀਤਾ ਹੈ, ਉਹ ਆਪਣੇ ਅਹੁਦੇ ਤੇ ਅਜਿਹੇ ਤੌਰ ਤੇ ਰਹਿੰਦੇ ਹੋਏ ਮਰ ਜਾਂਦਾ ਹੈ, ਤਾਂ ਪੇਸ਼ਗੀ ਧਨ ਦੀ

ਰਕਮ ਜਾਂ ਇਸਦਾ ਕੋਈ ਹਿੱਸਾ ਜੋ ਉਸਦੀ ਮੌਤ ਦੀ ਤਰੀਕ ਪਿੱਛੋਂ ਪੇਸ਼ਗੀ ਦੇਣ ਦੇ ਨਿਬੰਧਨਾਂ ਅਤੇ ਸ਼ਰਤਾਂ ਦੀ ਅਨੁਸਾਰਤਾ ਵਿੱਚ ਉਤਪੰਨ ਹੋਣਾ ਸੀ, ਉਸ 'ਤੇ ਵਿਆਜ ਸਹਿਤ, ਮੁਕੱਰਰ ਅਥਾਰਟੀ ਦੀ ਮਨਜ਼ੂਰੀ ਨਾਲ ਮੁਆਫ ਕਰ ਦਿੱਤਾ ਜਾਵੇਗਾ।

ਵਿਰੋਧੀ ਧਿਰ ਦੇ ਨੇਤਾ ਦੁਆਰਾ ਵਿਧਾਨ ਸਭਾ ਦੇ ਮੈਂਬਰ ਵਜੋਂ ਤਨਖਾਹ ਜਾਂ ਭੱਤੇ ਨਾ ਲੈਣਾ।

7. ਇਸ ਐਕਟ ਅਧੀਨ ਤਨਖਾਹ ਜਾਂ ਭੱਤੇ ਦੀ ਪ੍ਰਾਪਤੀ ਵਾਲਾ ਕੋਈ ਵਿਰੋਧੀ ਧਿਰ ਦਾ ਨੇਤਾ ਵਿਧਾਨ ਸਭਾ ਦੀ ਆਪਣੀ ਮੈਂਬਰਸ਼ਿਪ ਦੇ ਬਾਰੇ ਵਿੱਚ ਤਨਖਾਹ ਜਾਂ ਭੱਤੇ ਦੇ ਵਜੋਂ ਵਿਧਾਨ ਸਭਾ ਦੁਆਰਾ ਉਪਬੰਧਤ ਕੀਤੇ ਗਏ ਫ਼ੰਡਾਂ ਵਿੱਚੋਂ ਕੋਈ ਵੀ ਰਕਮ ਪ੍ਰਾਪਤ ਕਰਨ ਦਾ ਹੱਕਦਾਰ ਨਹੀਂ ਹੋਵੇਗਾ।

ਵਿਰੋਧੀ ਧਿਰ ਦੇ ਨੇਤਾ ਨੂੰ ਸੁਵਿਧਾਵਾਂ ।

8. (1) ਵਿਰੋਧੀ ਧਿਰ ਦਾ ਨੇਤਾ ਉਹ ਟੈਲੀਫੋਨ ਸਹੂਲਤ ਦਾ ਹੱਕਦਾਰ ਹੋਵੇਗਾ, ਜੋ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ ਐਕਟ, 1947 ਦੀ ਧਾਰਾ 2 ਦੀ ਉਪ-ਧਾਰਾ (4) ਅਧੀਨ ਕਿਸੇ ਮੰਤਰੀ ਨੂੰ ਮਿਲਣਯੋਗ ਹਨ।

(2) ਵਿਰੋਧੀ ਧਿਰ ਦੇ ਨੇਤਾ ਨੂੰ ਪ੍ਰਤੀ ਮਹੀਨਾ ਦਸ ਹਜ਼ਾਰ ਰੁਪਏ ਦੀ ਦਰ ਨਾਲ ਇੱਕ ਵਾਹਨ ਭੱਤਾ ਅਦਾ ਕੀਤਾ ਜਾਵੇਗਾ ਜਾਂ, ਇਸਦੇ ਬਦਲੇ, ਇੱਕ ਸਰਕਾਰੀ ਕਾਰ ਦਿੱਤੀ ਜਾਵੇਗੀ, ਜਿਸਦੀ ਸਾਂਭ ਸੰਭਾਲ ਅਤੇ ਪਰਚਾਲਣ 'ਤੇ ਖਰਚ ਰਾਜ ਸਰਕਾਰ ਦੁਆਰਾ ਉਠਾਇਆ ਜਾਵੇਗਾ:

ਪਰੰਤੂ ਵਿਰੋਧੀ ਧਿਰ ਦੇ ਨੇਤਾ ਦੁਆਰਾ ਵਰਤੀ ਜਾ ਰਹੀ ਸਰਕਾਰੀ ਕਾਰ ਦੀ ਸਾਂਭ ਸੰਭਾਲ ਅਤੇ ਪਰਚਾਲਣ ਖਰਚੇ ਦਸ ਹਜ਼ਾਰ ਰੁਪਏ ਦੀ ਸੀਮਾ ਦੇ ਤਾਬੇ ਨਹੀਂ ਹੋਣਗੇ।

(3) ਜੇ ਵਿਰੋਧੀ ਧਿਰ ਦਾ ਨੇਤਾ ਆਪਣੀ ਸਰਕਾਰੀ ਕਾਰ ਦਾ ਫ਼ਾਇਦਾ ਨਹੀਂ ਉਠਾਉਂਦਾ ਜਾਂ ਉਸਨੂੰ ਵਾਪਸ ਕਰ ਦਿੰਦਾ ਹੈ ਅਤੇ ਆਪਣੇ ਨਿੱਜੀ ਵਾਹਨ ਨੂੰ ਪਦਵਿਕ ਪ੍ਰਯੋਜਨ ਲਈ ਵਰਤਣਾ ਚਾਹੁੰਦਾ ਹੈ ਤਾਂ ਉਹ ਉਹੀ ਸਹੂਲਤਾਂ ਦਾ ਹੱਕਦਾਰ ਹੋਵੇਗਾ ਜੋ ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ ਐਕਟ, 1947 ਦੀ ਧਾਰਾ 2 ਦੀ ਉਪ-ਧਾਰਾ (3-ੳ) ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੇ ਅਧੀਨ ਇੱਕ ਮੰਤਰੀ ਨੂੰ ਮਿਲਣਯੋਗ ਹਨ।

ਵਿਰੋਧੀ ਧਿਰ ਦਾ ਨੇਤਾ ਬਣਨ ਜਾਂ ਨਾ ਰਹਿਣ ਦੀ ਤਰੀਕ ਬਾਰੇ ਅਧਿਸੂਚਨਾ ਇਸ ਗੱਲ ਦਾ ਨਿਰਣੇਈ ਸਬੂਤ ਹੋਣਾ।

9. ਉਹ ਤਰੀਕ ਜਿਸ ਨੂੰ ਕੋਈ ਵਿਅਕਤੀ ਵਿਰੋਧੀ ਧਿਰ ਦਾ ਨੇਤਾ ਬਣਿਆ ਜਾਂ ਨਾ ਰਿਹਾ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਕੀਤੀ ਜਾਵੇਗੀ, ਅਤੇ ਅਜਿਹੀ ਕੋਈ ਵੀ ਅਧਿਸੂਚਨਾ ਇਸ ਤੱਥ ਦਾ ਨਿਰਣੇਈ ਸਬੂਤ ਹੋਵੇਗੀ ਕਿ ਉਹ ਇਸ ਐਕਟ ਦੇ ਸਾਰੇ ਪ੍ਰਯੋਜਨਾਂ ਲਈ ਉਸ ਤਰੀਕ ਨੂੰ ਵਿਰੋਧੀ ਧਿਰ ਦਾ ਨੇਤਾ ਬਣਿਆ, ਜਾਂ ਨਾ ਰਿਹਾ।

ਨਿਯਮ ਬਣਾਉਣ ਦੀ ਸ਼ਕਤੀ।

10. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖਾਸ ਕਰਕੇ, ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ 'ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ ਉਪਬੰਧ ਕਰ ਸਕਣਗੇ, ਅਰਥਾਤ:

(ੳ) * * *;

(ਅ) ਧਾਰਾ 5 ਅਧੀਨ ਵਿਰੋਧੀ ਧਿਰ ਦੇ ਨੇਤਾ ਨੂੰ ਮਿਲਣਯੋਗ ਯਾਤਰਾ ਅਤੇ ਰੋਜ਼ਾਨਾ ਭੱਤਾ;

(ੲ) ਵਿਰੋਧੀ ਧਿਰ ਦੇ ਨੇਤਾ ਨੂੰ ਮਿਲਣਯੋਗ ਟੈਲੀਫੋਨ ਅਤੇ ਸਕੱਤਰੇਤ ਸਹੂਲਤਾਂ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਤੇ ਇਸ ਇਜਲਾਸ ਦੇ ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਉਹ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਉਹ ਨਿਯਮ ਉਸ ਤੋਂ ਪਿੱਛੋਂ ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਣਗੇ ਜਾਂ, ਜਿਹੀ ਕਿ ਸੂਰਤ ਹੋਵੇ, ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਵੀ ਗੱਲ ਦੀ ਜਾਇਜ਼ਤਾ ’ਤੇ ਪ੍ਰਤੀਕੂਲ ਪ੍ਰਭਾਵ ਨਹੀਂ ਹੋਵੇਗਾ।

ਬੀ.ਬੀ.ਐੱਸ ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ।

*3576/12-2025/Pb. Govt. Press, S.A.S. Nagar*

**ਭਾਗ-I**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 5 ਦਸੰਬਰ, 2025

ਨੰ: 61/ਭ.ਕ./2025.- ਪੰਜਾਬ ਨਗਰਪਾਲਕ ਫ਼ੰਡ ਐਕਟ, 2006 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 5th December, 2025

**No. 61/L.C./2025.**- The Translation in Punjabi of the Punjab Municipal Fund Act, 2006 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਪੰਜਾਬ ਨਗਰਪਾਲਕ ਫ਼ੰਡ ਐਕਟ, 2006

(2006 ਦਾ ਪੰਜਾਬ ਐਕਟ ਨੰ: 27)

ਪੰਜਾਬ ਵਾਧੂ ਮੁੱਲ ਕਰ ਐਕਟ, 2005 ਅਧੀਨ ਲਗਾਏ ਅਤੇ ਉਗਰਾਹੇ ਗਏ ਕਰ ਦੀ ਰਕਮ ਨਗਰਪਾਲਕਾਵਾਂ ਨੂੰ ਸੌਂਪਣ ਲਈ, ਅਤੇ ਪੰਜਾਬ ਰਾਜ ਵਿੱਚ ਮਸੂਲ ਦੇ ਅੰਤਰਕਰਣ ਕਾਰਨ ਹੋਏ ਮਾਲੀਏ ਦੇ ਹਾਨ ਲਈ ਨਗਰਪਾਲਕਾਵਾਂ ਨੂੰ ਮੁਆਵਜ਼ਾ ਦੇਣ ਦੀ ਦ੍ਰਿਸ਼ਟੀ ਨਾਲ ਪੰਜਾਬ ਨਗਰਪਾਲਕ ਫ਼ੰਡ ਦੇ ਗਠਨ ਦਾ ਉਪਬੰਧ ਕਰਨ ਅਤੇ ਇਸ ਨਾਲ ਸਬੰਧਤ ਜਾਂ ਇਸ ਦੇ ਅਨੁਸੰਗਕ ਮਾਮਲਿਆਂ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸਤਵੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਣ ਬਣੇ:-

1. (1) ਇਸ ਐਕਟ ਨੂੰ ਪੰਜਾਬ ਨਗਰਪਾਲਕ ਫ਼ੰਡ ਐਕਟ, 2006 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ 1 ਸਤੰਬਰ, 2006 ਨੂੰ ਅਤੇ ਤੋਂ ਨਾਫ਼ਜ਼ ਸਮਝਿਆ ਜਾਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ- ਪਰਿਭਾਸ਼ਾਵਾਂ।

(ੳ) "ਡਾਇਰੈਕਟਰ" ਦਾ ਮਤਲਬ ਹੈ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ;

(ਅ) "ਫ਼ੰਡ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਗਠਤ ਕੀਤਾ ਪੰਜਾਬ ਨਗਰਪਾਲਕ ਫ਼ੰਡ;

(ੲ) "ਨਗਰਪਾਲਕਾ" ਦਾ ਮਤਲਬ ਹੈ ਭਾਰਤ ਦੇ ਸੰਵਿਧਾਨ ਦੇ ਅਨੁਛੇਦ 243ਠ ਅਧੀਨ ਗਠਤ ਸਵੈ-ਸ਼ਾਸਨ ਦੀ ਸੰਸਥਾ;

(ਸ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਹ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਦਾ ਸਥਾਨਕ ਸਰਕਾਰ ਵਿਭਾਗ; ਅਤੇ

(ਕ) "ਕਰ" ਦਾ ਮਤਲਬ ਹੈ ਪੰਜਾਬ ਵਾਧੂ ਮੁੱਲ ਕਰ ਐਕਟ, 2005 (2005 ਦਾ ਪੰਜਾਬ ਐਕਟ ਨੰ: 8) ਅਧੀਨ ਲਗਾਇਆ ਅਤੇ ਉਗਰਾਹਿਆ ਗਿਆ ਕਰ।

ਫ਼ੰਡ ਦਾ ਗਠਨ।

3. (1) ਪੰਜਾਬ ਨਗਰਪਾਲਕ ਫ਼ੰਡ ਕਹਾਉਣ ਵਾਲਾ ਇੱਕ ਫ਼ੰਡ ਗਠਤ ਕੀਤਾ ਜਾਵੇਗਾ ਜੋ ਰਾਜ ਸਰਕਾਰ ਵਿੱਚ ਨਿਹਿਤ ਹੋਵੇਗਾ।

(2) ਉਗਰਾਹੇ ਗਏ ਕਰ ਦੀ ਰਕਮ ਦਾ ਗਿਆਰਾਂ ਪ੍ਰਤੀਸ਼ਤ ਸਿੱਧਾ ਫ਼ੰਡ ਵਿੱਚ ਜਮ੍ਹਾਂ ਕੀਤਾ ਜਾਵੇਗਾ:

ਪਰੰਤੂ ਫ਼ੰਡ ਵਿੱਚ ਇਸ ਤਰ੍ਹਾਂ ਜਮ੍ਹਾਂ ਕੀਤੀ ਗਈ ਰਕਮ, 550 ਕਰੋੜ ਰੁਪਏ ਸਲਾਨਾ (ਕੇਵਲ ਪੰਜ ਸੌ ਪੰਜਾਹ ਕਰੋੜ ਰੁਪਏ) ਜਾਂ ਇਸ ਦੇ ਅਨੁਪਾਤ ਤੋਂ ਘੱਟ ਨਹੀਂ ਹੋਵੇਗੀ:

ਪਰੰਤੂ ਇਹ ਹੋਰ ਕਿ ਫ਼ੰਡ ਵਿੱਚ ਇਸ ਤਰ੍ਹਾਂ ਜਮ੍ਹਾਂ ਕੀਤੀ ਗਈ ਰਕਮ, 550 ਕਰੋੜ ਰੁਪਏ (ਕੇਵਲ ਪੰਜ ਸੌ ਪੰਜਾਹ ਕਰੋੜ ਰੁਪਏ) ਤੋਂ ਜਾਂ ਇਸ ਦੇ ਅਨੁਪਾਤ ਤੋਂ ਘੱਟ ਹੋਣ ਦੀ ਸੂਰਤ ਵਿੱਚ, ਰਾਜ ਸਰਕਾਰ ਇਸ ਤਰ੍ਹਾਂ ਘਟਦੀ ਰਕਮ ਨੂੰ ਸਹਾਇਤਾ ਗ੍ਰਾਂਟ ਵਜੋਂ ਦੇ ਕੇ ਇਸ ਨੂੰ ਪੂਰਾ ਕਰੇਗੀ।

ਫ਼ੰਡ ਦਾ ਉਦੇਸ਼ ਅਤੇ ਪ੍ਰਸ਼ਾਸਨ।

4. (1) ਇਹ ਫ਼ੰਡ ਨਗਰਪਾਲਕ ਐਕਟ, 1911 ਅਤੇ ਪੰਜਾਬ ਨਗਰਪਾਲਕ ਨਿਗਮ ਐਕਟ, 1976 ਅਧੀਨ ਲਗਾਏ ਅਤੇ ਉਗਾਰਾਹੇ ਗਏ ਮਸੂਲ ਦੇ ਅੰਤਕਰਣ ਕਾਰਨ ਨਗਰਪਾਲਕਾਵਾਂ ਦੁਆਰਾ ਸਹਿਣ ਕੀਤੇ ਮਾਲੀਏ ਦੇ ਹਾਨ ਦੇ ਮੁਆਵਜ਼ੇ ਲਈ ਵਰਤਿਆ ਜਾਵੇਗਾ।

(2) ਇਹ ਫ਼ੰਡ ਡਾਇਰੈਕਟਰ ਦੁਆਰਾ ਰਾਜ ਸਰਕਾਰ ਦੀ ਨਿਗਰਾਨੀ ਅਤੇ ਕੰਟਰੋਲ ਅਧੀਨ ਪ੍ਰਸ਼ਾਸਤ ਕੀਤਾ ਜਾਵੇਗਾ।

4-ੳ. ਧਾਰਾ 4 ਵਿੱਚ ਦਰਜ ਕਿਸੇ ਵੀ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਫ਼ੰਡ ਦੀ ਵਰਤੋਂ ਛਾਉਣੀ ਬੋਰਡ, ਜਲੰਧਰ ਅਤੇ ਛਾਉਣੀ ਬੋਰਡ, ਫਿਰੋਜ਼ਪੁਰ ਨੂੰ ਉਨ੍ਹਾਂ ਦੁਆਰਾ ਲਗਾਏ ਅਤੇ ਉਗਰਾਹੇ ਗਏ ਮਸੂਲ ਦੇ ਅੰਤਕਰਣ ਕਾਰਨ ਹੋਏ ਮਾਲੀਏ ਦੇ ਹਾਨ ਲਈ ਮੁਆਵਜ਼ਾ ਦੇਣ ਲਈ ਵੀ ਕੀਤੀ ਜਾਵੇਗੀ, ਜੇ ਛਾਉਣੀ ਅਥਾਰਟੀਆਂ ਰਾਜ ਸਰਕਾਰ ਨਾਲ ਇਨ੍ਹਾਂ ਛਾਉਣੀਆਂ ਵਿੱਚ ਮਸੂਲ ਨਾ ਲਗਾਉਣ ਅਤੇ ਨਾ ਉਗਰਾਹੁਣ ਲਈ ਇੱਕ ਇਕਰਾਰਨਾਮਾ ਕਰਦੀਆਂ ਹਨ। ਛਾਉਣੀ ਬੋਰਡਾਂ ਨੂੰ ਮੁਆਵਜ਼ਾ।

ਵਿਆਖਿਆ.- ਇਸ ਧਾਰਾ ਦੇ ਪ੍ਰਯੋਜਨ ਲਈ, ਛਾਉਣੀ ਬੋਰਡ ਦਾ ਉਹੀ ਮਤਲਬ ਹੋਵੇਗਾ ਜੋ ਇਸ ਨੂੰ ਛਾਉਣੀ ਐਕਟ, 2006 (2006 ਦਾ ਕੇਂਦਰੀ ਐਕਟ 41) ਵਿੱਚ ਦਿੱਤਾ ਗਿਆ ਹੈ।

5. (1) ਧਾਰਾ 3 ਦੀ ਉਪ-ਧਾਰਾ (2) ਵਿੱਚ ਹਵਾਲਾ ਦਿੱਤੀ ਕਰ ਦੀ ਰਕਮ ਦਾ ਗਿਆਰਾਂ ਪ੍ਰਤੀਸ਼ਤ ਆਬਕਾਰੀ ਅਤੇ ਕਰ ਵਿਭਾਗ ਦੁਆਰਾ ਕਰ ਦੇ ਉਗਰਾਹੁਣ ਲਈ ਉਸ ਵਿਭਾਗ ਦੁਆਰਾ ਮੁਕੱਰਰ ਤਰੀਕੇ ਨਾਲ ਉਗਰਾਹਿਆ ਜਾਵੇਗਾ। ਕਰ ਉਗਰਾਹੁਣਾ ਅਤੇ ਜਮ੍ਹਾਂ ਕਰਨਾ।

(2) ਉਪ-ਧਾਰਾ (1) ਅਧੀਨ ਉਗਰਾਹੇ ਗਏ ਕਰ ਦੀਆਂ ਵੱਟਕਾਂ ਆਬਕਾਰੀ ਅਤੇ ਕਰ ਵਿਭਾਗ ਦੁਆਰਾ ਫ਼ੰਡ ਵਿੱਚ ਸਿੱਧੇ ਤੌਰ ਤੇ ਅਜਿਹੇ ਤਰੀਕੇ ਨਾਲ ਅਤੇ ਅਜਿਹੀ ਮੁੱਦਤ ਦੇ ਅੰਦਰ ਜਮ੍ਹਾਂ ਕਰਵਾਈਆਂ ਜਾਣਗੀਆਂ, ਜਿਵੇਂ ਮੁਕੱਰਰ ਕੀਤਾ ਜਾਵੇ।

6. ਫ਼ੰਡ ਵਿੱਚ ਜਮ੍ਹਾਂ ਕੀਤੇ ਗਏ ਕਰ ਦੀ ਰਕਮ, ਨਗਰਪਾਲਕਾਵਾਂ ਵਿਚਕਾਰ ਉਨ੍ਹਾਂ ਨੂੰ ਉਸ ਮਾਲ ਤੋਂ ਮਸੂਲ ਦੀ ਸਲਾਨਾ ਉਗਰਾਹੀ ਰਾਸ਼ੀ ਦੇ ਤੁਲਨਾਤਮਕ ਅਨੁਪਾਤ ਵਿੱਚ ਵੰਡੀ ਜਾਵੇਗੀ, ਜਿਨ੍ਹਾਂ ਤੇ ਪੰਜਾਬ ਨਗਰਪਾਲਕ ਫ਼ੰਡ ਐਕਟ, 2006 ਦੇ ਨਾਫ਼ਜ਼ ਹੋਣ ਤੋਂ ਪਹਿਲਾਂ, ਸਾਲ 2005-06 ਦੇ ਵਿੱਤੀ ਸਾਲ ਦੌਰਾਨ ਪੰਜਾਬ ਰਾਜ ਵਿੱਚ ਅਜਿਹੇ ਮਾਲ ਤੋਂ ਕੀਤੀ ਗਈ ਮਸੂਲ ਦੀ ਕੁੱਲ ਉਗਰਾਹੀ ਤੱਕ, ਮਸੂਲ ਲਗਾਈ ਜਾ ਰਹੀ ਸੀ: ਕਰ ਦੀ ਰਕਮ ਦੀ ਵੰਡ।

ਪਰੰਤੂ ਰਾਜ ਸਰਕਾਰ, ਇੱਕ ਹੁਕਮ ਦੁਆਰਾ, ਫ਼ੰਡ ਵਿੱਚ ਜਮ੍ਹਾਂ ਕੀਤੇ ਗਏ ਕਰ ਦੀ ਰਕਮ ਦਾ ਨਗਰਪਾਲਕਾਵਾਂ ਵਿਚਕਾਰ ਵੰਡ, ਜੋ ਮੂਲ ਐਕਟ ਦੇ ਅਰੰਭ ਹੋਣ ਤੇ ਗਠਤ ਹਨ ਜਾਂ ਜੋ ਬਾਅਦ ਵਿੱਚ ਗਠਤ ਕੀਤੀਆਂ ਜਾ ਸਕਣਗੀਆਂ, ਦਾ ਫ਼ੈਸਲਾ ਕਰ ਸਕੇਗੀ:

ਪਰੰਤੂ ਇਹ ਹੋਰ ਕਿ ਫ਼ੰਡ ਵਿੱਚ ਜਮ੍ਹਾਂ ਕਰ ਦੀ ਦੋ ਬਟਾ ਗਿਆਰਾਂ ਪ੍ਰਤੀਸ਼ਤ (2/11×100) ਅਤੇ ਉਸ ਨਗਰਪਾਲਕਾ ਦੇ ਹਿੱਸੇ ਵਿੱਚ ਆਉਂਦੀ ਰਕਮ, ਜਿਸ ਦੇ ਜਲ ਸਪਲਾਈ ਅਤੇ ਗੰਦੇ ਪਾਣੀ ਦੇ ਸੰਚਾਲਨ ਅਤੇ ਸਾਂਭ-ਸੰਭਾਲ ਦੇ ਕੰਮ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਐਕਟ, 1976 (1976 ਦਾ ਪੰਜਾਬ ਐਕਟ 28) ਦੇ ਉਪਬੰਧਾਂ ਅਧੀਨ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਸੌਂਪੇ ਗਏ ਹਨ, ਡਾਇਰੈਕਟਰ ਦੁਆਰਾ ਰਾਖਵੀਂ ਰੱਖੀ ਜਾਵੇਗੀ:

ਪਰੰਤੂ ਇਹ ਹੋਰ ਕਿ ਡਾਇਰੈਕਟਰ ਉਪਰੋਕਤ ਰਾਖਵੀਂ ਰੱਖੀ ਗਈ ਰਕਮ ਵਿੱਚੋਂ ਧਨ ਦੀ ਅਜਿਹੀ ਰਕਮ, ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਨਗਰਪਾਲਕਾਵਾਂ ਵਿੱਚ ਜਲ ਸਪਲਾਈ ਅਤੇ ਗੰਦੇ ਪਾਣੀ ਦੇ ਸੰਚਾਲਨ ਅਤੇ ਸਾਂਭ-ਸੰਭਾਲ ਦੇ ਕੰਮ ਕਰਨ ਲਈ, ਜਿਸ ਵਿੱਚ ਅਮਲਾ ਅਤੇ ਫੁਟਕਲ ਖਰਚੇ ਸ਼ਾਮਲ ਹਨ, ਲਈ ਅਜਿਹੀ ਰਕਮ ਪ੍ਰਦਾਨ ਕਰੇਗਾ, ਜਿਸ ਨੂੰ ਉਹ ਸਮੇਂ ਸਮੇਂ ਤੇ ਜ਼ਰੂਰੀ ਸਮਝੇ:

ਪਰੰਤੂ ਇਹ ਹੋਰ ਕਿ ਜੇ ਡਾਇਰੈਕਟਰ ਦੁਆਰਾ ਰੱਖੀ ਗਈ ਰਕਮ ਵਿੱਚੋਂ ਕੋਈ ਧਨ ਵਾਫ਼ਰ ਰਹਿੰਦਾ ਹੈ, ਤਾਂ ਰਾਜ ਸਰਕਾਰ ਇਸ ਦੇ ਉਪਯੋਗ ਲਈ ਪ੍ਰਯੋਜਨ ਤੈਅ ਕਰੇਗੀ ਅਤੇ ਉਸ ਨੂੰ ਉਸ ਅਨੁਸਾਰ ਕੰਮ ਕਰਨ ਲਈ ਨਿਰਦੇਸ਼ ਦੇਵੇਗੀ:

ਪਰੰਤੂ ਇਹ ਹੋਰ ਕਿ ਡਾਇਰੈਕਟਰ ਦੁਆਰਾ ਰਾਖਵੀਂ ਰੱਖੀ ਗਈ ਰਕਮ ਵਿੱਚ ਕੋਈ ਕਮੀ ਹੋਣ ਦੀ ਸੂਰਤ ਵਿੱਚ, ਦੂਜੇ ਪਰੰਤੁਕ ਵਿੱਚ ਨਿਯਤ ਪ੍ਰਤੀਸ਼ਤ ਦੇ ਹੁੰਦਿਆਂ ਹੋਇਆਂ ਵੀ, ਰਾਜ ਸਰਕਾਰ ਇਸ ਪ੍ਰਯੋਜਨ ਲਈ ਫ਼ੰਡ ਵਿੱਚ ਜਮ੍ਹਾਂ ਕੀਤੀ ਗਈ ਕਰ ਦੀ ਰਕਮ ਦੀ ਪ੍ਰਤੀਸ਼ਤਤਾ ਵਧਾ ਸਕੇਗੀ।

ਲੇਖੇ ਰੱਖਣਾ।

7. ਡਾਇਰੈਕਟਰ ਫ਼ੰਡ ਵਿੱਚ ਜਮ੍ਹਾਂ ਕੀਤੀ ਰਕਮ ਅਤੇ ਫ਼ੰਡ ਵਿੱਚੋਂ ਕੀਤੇ ਖਰਚਿਆਂ ਦੇ ਲੇਖੇ ਰੱਖੇਗਾ, ਅਤੇ ਅਜਿਹੀ ਰਕਮ ਅਤੇ ਖਰਚੇ ਦਾ ਤਿਮਾਹੀ ਮੇਲਾਨ ਜ਼ਿਲ੍ਹਾ ਖਜ਼ਾਨਾ ਅਧਿਕਾਰੀ, ਪੰਜਾਬ, ਚੰਡੀਗੜ੍ਹ ਨਾਲ ਕਰੇਗਾ ਅਤੇ ਇਸ ਬਾਬਤ ਤਿਮਾਹੀ ਰਿਪੋਰਟ ਰਾਜ ਸਰਕਾਰ ਨੂੰ ਪੇਸ਼ ਕਰੇਗਾ।

ਆਡਿਟ।

8. ਫ਼ੰਡ ਦੀ ਰਕਮ ਦਾ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੁਆਰਾ ਕੰਪਟਰੋਲਰ ਅਤੇ ਆਡੀਟਰ ਜਨਰਲ (ਕਰਤੱਵ, ਸ਼ਕਤੀਆਂ ਅਤੇ ਸੇਵਾ ਦੀਆਂ ਸ਼ਰਤਾਂ) ਐਕਟ, 1971 (1971 ਦਾ ਕੇਂਦਰੀ ਐਕਟ 56) ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਆਡਿਟ ਕੀਤਾ ਜਾਵੇਗਾ।

ਸਲਾਨਾ ਰਿਪੋਰਟ ਪੇਸ਼ ਕਰਨਾ।

9. ਫ਼ੰਡ ਵਿੱਚ ਪ੍ਰਾਪਤ ਰਕਮਾਂ ਅਤੇ ਫ਼ੰਡ ਵਿੱਚੋਂ ਨਗਰਪਾਲਕਾਵਾਂ ਅਤੇ ਛਾਉਣੀ ਬੋਰਡ, ਜਲੰਧਰ ਅਤੇ ਛਾਉਣੀ ਬੋਰਡ, ਫਿਰੋਜ਼ਪੁਰ ਨੂੰ ਕੀਤੀ ਗਈ ਵੰਡ ਦੇ ਬਾਰੇ ਸਲਾਨਾ ਰਿਪੋਰਟ, ਰਾਜ ਸਰਕਾਰ ਦੁਆਰਾ ਤਿਆਰ ਕੀਤੀ ਜਾਵੇਗੀ ਅਤੇ ਰਾਜ ਵਿਧਾਨ ਮੰਡਲ ਨੂੰ ਪੇਸ਼ ਕੀਤੀ ਜਾਵੇਗੀ।

ਗ੍ਰਾਂਟ।

10. ਪੰਜਾਬ ਨਗਰਪਾਲਕ ਫ਼ੰਡ ਐਕਟ, 2006 ਦੇ ਅਰੰਭ ਹੋਣ ਤੋਂ ਤੁਰੰਤ ਬਾਅਦ, ਸਰਕਾਰ ਦਾ ਵਿੱਤ ਵਿਭਾਗ ਸਥਾਨਕ ਸਰਕਾਰ ਵਿਭਾਗ ਨੂੰ ਇੱਕ ਵਾਰ ਦੀ ਗ੍ਰਾਂਟ ਵਜੋਂ ਇੱਕ ਸੌ ਕਰੋੜ ਰੁਪਏ ਦੀ ਰਕਮ ਦੇਵੇਗਾ, ਜੋ ਅੰਤਰਾਲ ਮੁੱਦਤ ਦੌਰਾਨ ਅਰਥਾਤ ਮਸੂਲ ਦੇ ਅੰਤਕਰਣ ਹੋਣ ਦੀ ਤਰੀਕ ਤੋਂ ਲੈ ਕੇ ਫ਼ੰਡ ਵਿੱਚ ਵਾਸਤਵਿਕ ਪ੍ਰਾਪਤ ਰਕਮਾਂ ਦੀ ਤਰੀਕ ਤੱਕ ਨਗਰਪਾਲਕਾਵਾਂ ਦੁਆਰਾ ਕੀਤੇ ਜਾਣ ਵਾਲੇ ਖ਼ਰਚੇ ਅਤੇ ਪੂਰਤੀ ਲਈ ਫ਼ੰਡ ਵਿੱਚ ਜਮ੍ਹਾਂ ਕਰਵਾਈ ਜਾਵੇਗੀ।

11. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ। ਨਿਯਮ ਬਣਾਉਣ ਦੀ ਸ਼ਕਤੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ ਉਪਬੰਧ ਕਰ ਸਕਣਗੇ, ਅਰਥਾਤ:-

(i) ਐਕਟ ਦੀ ਧਾਰਾ 5 ਦੀ ਉਪ-ਧਾਰਾ (2) ਅਧੀਨ ਕਰ ਦੀਆਂ ਵੱਟਕਾਂ ਨੂੰ ਇੰਤਕਾਲ ਅਤੇ ਜਮ੍ਹਾਂ ਕਰਨ ਦਾ ਤਰੀਕਾ; ਅਤੇ

(ii) ਉਹ ਮੁੱਦਤ ਜਿਸ ਦੇ ਅੰਦਰ, ਐਕਟ ਦੀ ਧਾਰਾ 5 ਦੀ ਉਪ-ਧਾਰਾ (2) ਅਧੀਨ ਟੈਕਸ ਜਮ੍ਹਾਂ ਕੀਤਾ ਜਾਣਾ ਹੈ।

(3) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਪੰਜਾਬ ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ ਇਸ ਇਜਲਾਸ ਦੇ, ਜਿਸ ਵਿੱਚ ਇਸ ਨੂੰ ਇਸ ਤਰ੍ਹਾਂ ਰੱਖਿਆ ਜਾਂਦਾ ਹੈ, ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਉਹ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਪ੍ਰਭਾਵੀ ਹੋਵੇਗਾ ਜਾਂ ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਕਿਸੇ ਵੀ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਹੋਵੇਗਾ।

12. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਰਾਜ ਸਰਕਾਰ ਜਾਂ ਰਾਜ ਸਰਕਾਰ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਜਾਂ ਰਾਜ ਸਰਕਾਰ ਦੁਆਰਾ ਅਧਿਕਾਰਤ ਕਿਸੇ ਹੋਰ ਵਿਅਕਤੀ ਜਾਂ ਅਥਾਰਟੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ। ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦੀ ਹਿਫ਼ਾਜ਼ਤ।

13. (1) ਜੇ ਇਸ ਐਕਟ ਦੇ ਕਿਸੇ ਵੀ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਇੱਕ ਹੁਕਮ ਦੁਆਰਾ, ਅਜਿਹੇ ਉਪਬੰਧ ਕਰ ਸਕੇਗੀ, ਜੋ ਇਸ ਐਕਟ ਦੇ ਉਪਬੰਧਾਂ ਦੇ ਅਸੰਗਤ ਨਾ ਹੋਣ, ਜੋ ਉਸ ਨੂੰ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਪ੍ਰਤੀਤ ਹੋਣ। ਕਠਨਾਈਆਂ ਦੂਰ ਕਰਨ ਦੀ ਸ਼ਕਤੀ।

(2) ਇਸ ਧਾਰਾ ਅਧੀਨ ਕੀਤਾ ਗਿਆ ਹਰੇਕ ਹੁਕਮ ਇਸ ਦੇ ਕੀਤੇ ਜਾਣ ਤੋਂ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਪੰਜਾਬ ਰਾਜ ਵਿਧਾਨ ਮੰਡਲ ਅੱਗੇ ਰੱਖਿਆ ਜਾਵੇਗਾ।

ਨਿਰਸਨ ਅਤੇ ਬਚਾਓ।

14. (1) ਪੰਜਾਬ ਨਗਰਪਾਲਕ ਫ਼ੰਡ ਆਰਡੀਨੈਂਸ, 2006 (2006 ਦਾ ਪੰਜਾਬ ਆਰਡੀਨੈਂਸ ਨੰ: 6) ਇੱਥੇ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਵੀ ਕਾਰਵਾਈ, ਇਸ ਐਕਟ ਦੇ ਤੱਤ-ਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਜਾਂ ਕੀਤੀ ਜਾਣੀ ਸਮਝੀ ਜਾਵੇਗੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3576/12-2025/Pb. Govt. Press, S.A.S. Nagar*

ਭਾਗ–I

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 5 ਦਸੰਬਰ, 2025

ਨੰ: 62/ਭ.ਕ./2025.– ਪੰਜਾਬ ਭਗਵਾਨ ਵਾਲਮੀਕ ਜੀ ਤੀਰਥ ਸਥਾਨ (ਰਾਮ ਤੀਰਥ) ਪਵਿੱਤਰ ਅਸਥਾਨ ਬੋਰਡ ਐਕਟ, 2016 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 5th December, 2025

**No. 62/L.C./2025.**- The Translation in Punjabi of the Punjab Bhagwan Valmik Ji Tirath Sthal (Ram Tirath) Shrine Board Act, 2016 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਪੰਜਾਬ ਭਗਵਾਨ ਵਾਲਮੀਕ ਜੀ ਤੀਰਥ ਸਥਾਨ (ਰਾਮ ਤੀਰਥ) ਪਵਿੱਤਰ ਅਸਥਾਨ ਬੋਰਡ ਐਕਟ, 2016

(2016 ਦਾ ਪੰਜਾਬ ਐਕਟ ਨੰ: 58)

ਭਗਵਾਨ ਵਾਲਮੀਕ ਜੀ ਤੀਰਥ ਸਥਾਨ (ਰਾਮ ਤੀਰਥ) ਪਵਿੱਤਰ ਅਸਥਾਨ ਅਤੇ ਇਸ ਦੇ ਦਾਨ, ਜਿਸ ਵਿੱਚ ਪਵਿੱਤਰ ਅਸਥਾਨ ਨਾਲ ਜੁੜੀਆਂ ਜਾਂ ਨਾਲ ਲੱਗਦੀ ਭੋਂ ਅਤੇ ਇਮਾਰਤਾਂ ਸ਼ਾਮਲ ਹਨ, ਦੇ ਬਿਹਤਰ ਪ੍ਰਬੰਧਨ, ਪ੍ਰਸ਼ਾਸਨ ਅਤੇ ਸ਼ਾਸਨ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸਤਾਹਟਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਭਗਵਾਨ ਵਾਲਮੀਕ ਜੀ ਤੀਰਥ ਸਥਾਨ (ਰਾਮ ਤੀਰਥ) ਪਵਿੱਤਰ ਅਸਥਾਨ ਬੋਰਡ ਐਕਟ, 2016 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,– ਪਰਿਭਾਸ਼ਾਵਾਂ।

(ੳ) "ਬੋਰਡ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 4 ਅਧੀਨ ਗਠਤ ਪੰਜਾਬ ਭਗਵਾਨ ਵਾਲਮੀਕ ਜੀ ਤੀਰਥ ਸਥਾਨ (ਰਾਮ ਤੀਰਥ) ਪਵਿੱਤਰ ਅਸਥਾਨ ਬੋਰਡ;

(ਅ) "ਦਾਨ" ਦਾ ਮਤਲਬ ਹੈ ਸਾਰੀ ਸੰਪੱਤੀ, ਚੱਲ ਜਾਂ ਅਚੱਲ, ਜੋ ਕਿ ਧਾਰਮਿਕ ਸਥਾਨ ਦੀ ਸਾਂਭ-ਸੰਭਾਲ, ਸੁਧਾਰ, ਵਾਧੇ ਜਾਂ ਪੂਜਾ ਲਈ ਜਾਂ ਕਿਸੇ ਸੇਵਾ ਜਾਂ ਦਾਨ ਦੇ ਅਦਾ ਕਰਨ ਨਾਲ ਤੱਲਕ ਰੱਖਦੀ ਹੈ, ਜਾਂ ਦਿੱਤੀ ਗਈ ਹੈ ਜਾਂ ਬਖ਼ਸੀ ਗਈ ਹੈ, ਅਤੇ ਇਸ ਵਿੱਚ ਉਸ ਵਿੱਚ ਸਥਾਪਤ ਮੂਰਤੀਆਂ, ਧਾਰਮਿਕ ਸਥਾਨ ਦਾ ਪਰਿਸਰ ਅਤੇ ਧਾਰਮਿਕ ਸਥਾਨ ਦੇ ਘੇਰੇ ਦੇ ਅੰਦਰ ਕਿਸੇ ਨੂੰ ਵੀ ਦਿੱਤੇ ਗਏ ਸੰਪੱਤੀ ਦੇ ਤੋਹਫ਼ੇ ਅਤੇ ਉਸ ਨਾਲ ਜੁੜੀਆਂ ਜਾਂ ਨਾਲ ਲੱਗਦੀ ਭੋਂ ਅਤੇ ਇਮਾਰਤਾਂ ਸ਼ਾਮਲ ਹਨ;

(ੲ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਵਿੱਚ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ;

(ਸ) "ਮੱਠ" ਦਾ ਮਤਲਬ ਹੈ ਹਿੰਦੂ ਕਾਨੂੰਨ ਅਧੀਨ ਸਮਝਿਆ ਜਾਣ ਵਾਲਾ ਮੱਠ;

(ਹ) "ਮੈਂਬਰ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 4 ਅਧੀਨ ਗਠਤ ਬੋਰਡ ਦਾ ਮੈਂਬਰ ਅਤੇ ਇਸ ਵਿੱਚ ਚੇਅਰਮੈਨ, ਉਪ-ਚੇਅਰਮੈਨ ਅਤੇ ਮੈਂਬਰ-ਸਕੱਤਰ ਸ਼ਾਮਲ ਹਨ;

(ਕ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਖ) "ਪੁਜਾਰੀ" ਦਾ ਮਤਲਬ ਹੈ ਪੁਜਾਰੀ ਅਤੇ ਇਸ ਵਿੱਚ ਅਜਿਹਾ ਹੋਰ ਵਿਅਕਤੀ ਸ਼ਾਮਲ ਹੈ ਜੋ ਪੂਜਾ ਜਾਂ ਹੋਰ ਕਰਮਕਾਂਡ ਨਿਭਾਉਂਦਾ ਜਾਂ ਸੰਚਾਲਤ ਕਰਦਾ ਹੈ;

(ਗ) "ਪਵਿੱਤਰ ਅਸਥਾਨ" ਦਾ ਮਤਲਬ ਹੈ ਭਗਵਾਨ ਵਾਲਮੀਕ ਜੀ ਤੀਰਥ ਸਥਾਨ (ਰਾਮ ਤੀਰਥ) ਪਵਿੱਤਰ ਅਸਥਾਨ, ਪਵਿੱਤਰ ਅਸਥਾਨ ਦੇ ਸਥਾਨ ਅੰਦਰ ਸਾਰੇ ਮੰਦਰ, ਮੱਠ ਅਤੇ ਮੂਰਤੀਆਂ ਅਤੇ ਇਸ ਨਾਲ ਜੁੜੀਆਂ ਜਾਂ ਨਾਲ ਲੱਗਦੀਆਂ ਇਮਾਰਤਾਂ, ਜੋ ਕਿਸੇ ਜਨਤਕ ਪ੍ਰਯੋਜਨ ਲਈ ਕਿਸੇ ਧਾਰਮਿਕ ਉਦੇਸ਼ ਨਾਲ ਸਥਾਪਤ ਕੀਤੀਆਂ ਗਈਆਂ ਹਨ ਅਤੇ ਇਸ ਵਿੱਚ,-

(i) ਸਾਰੀਆਂ ਚੱਲ, ਅਚੱਲ, ਮੰਦਰ ਵਿੱਚ ਪੂਜਾ, ਰੱਖ-ਰਖਾਅ ਜਾਂ ਸੁਧਾਰ, ਵਾਧੇ, ਜਾਂ ਉਸ ਨਾਲ ਤੱਲਕ ਰੱਖਦੇ ਕਿਸੇ ਵੀ ਸੇਵਾ ਜਾਂ ਦਾਨ ਦੇ ਪ੍ਰਦਰਸ਼ਨ ਲਈ ਸਬੰਧਤ ਜਾਂ ਦਿੱਤੀਆਂ ਜਾਂ ਦਾਨ ਦਿੱਤੀਆਂ ਗਈਆਂ ਸੰਪੱਤੀਆਂ; ਅਤੇ

(ii) ਮੰਦਰ ਵਿੱਚ ਸਥਾਪਤ ਮੂਰਤੀਆਂ, ਕੱਪੜੇ, ਗਹਿਣੇ ਅਤੇ ਸਜਾਵਟ ਲਈ ਚੀਜ਼ਾਂ, ਆਦਿ;

ਸ਼ਾਮਲ ਹਨ;

(ਘ) "ਪਵਿੱਤਰ ਅਸਥਾਨ ਫ਼ੰਡ" ਦਾ ਮਤਲਬ ਹੈ ਇਸ ਵਿੱਚ ਪਵਿੱਤਰ ਅਸਥਾਨ ਦੇ ਫ਼ਾਇਦੇ ਲਈ ਉਸ ਵੱਲੋਂ ਜਾਂ ਉਸ ਨਮਿੱਤ ਤੱਤ ਸਮੇਂ ਲਈ ਪ੍ਰਾਪਤ ਕੀਤੀਆਂ ਗਈਆਂ ਸਾਰੀਆਂ ਰਕਮਾਂ ਸ਼ਾਮਲ ਹਨ, ਅਤੇ ਇਸ ਵਿੱਚ ਉਹ ਸਾਰੇ ਦਾਨ ਵੀ ਸ਼ਾਮਲ ਹਨ ਜੋ ਪਵਿੱਤਰ ਅਸਥਾਨ ਜਾਂ ਇਸ ਦੇ ਕਿਸੇ ਹੋਰ ਦੇਵਤੇ ਦੇ ਫ਼ਾਇਦੇ ਲਈ ਕਿਸੇ ਵਿਅਕਤੀ ਦੇ ਨਾਮ ਤੇ, ਜਾਂ ਉਸ ਦੇ ਨਾਲ ਹੀ ਸ਼ਰਧਾਲੂਆਂ ਦੀ ਸਹੂਲਤ, ਆਰਾਮ ਜਾਂ ਫ਼ਾਇਦੇ ਲਈ ਕੀਤੀਆਂ ਗਈਆਂ ਹਨ ਜਾਂ ਇਸ ਤੋਂ ਪਿੱਛੋਂ ਕੀਤੀਆਂ ਜਾ ਸਕਦੀਆਂ ਹਨ, ਅਤੇ ਨਾਲ ਹੀ ਪਵਿੱਤਰ ਅਸਥਾਨ ਵਿੱਚ ਸ਼ਾਮਲ ਕਿਸੇ ਵੀ ਦੇਵਤਿਆਂ ਨੂੰ ਕੀਤੀਆਂ ਗਈਆਂ ਭੇਟਾਵਾਂ (ਮੁੱਲਵਾਨ ਸਕਿਉਰਿਟੀ ਅਤੇ ਗਹਿਣੇ); ਅਤੇ

(ਙ) "ਮੰਦਰ" ਦਾ ਮਤਲਬ ਹੈ ਇੱਕ ਸਥਾਨ, ਭਾਵੇਂ ਕਿਸੇ ਵੀ ਨਾਮ ਨਾਲ ਜਾਣਿਆ ਜਾਂਦਾ ਹੋਵੇ, ਜਨਤਕ ਧਾਰਮਿਕ ਪੂਜਾ ਦੇ ਸਥਾਨ ਵਜੋਂ ਵਰਤਿਆ ਜਾਂਦਾ ਹੈ ਅਤੇ ਉਸ ਦੇ ਸਮੁਦਾਇ ਦੇ ਕਿਸੇ ਵੀ ਵਰਗ ਵੱਲੋਂ ਜਨਤਕ ਧਾਰਮਿਕ ਪੂਜਾ ਦੇ ਸਥਾਨ ਵਜੋਂ ਸਮਰਪਿਤ, ਜਾਂ ਫ਼ਾਇਦੇ ਲਈ, ਜਾਂ ਅਧਿਕਾਰ ਵਜੋਂ ਵਰਤਿਆ ਜਾਂਦਾ ਹੈ।

ਪਵਿੱਤਰ ਅਸਥਾਨ ਦਾ ਨਿਹਿਤ ਹੋਣਾ।

3. ਇਸ ਐਕਟ ਦੇ ਅਰੰਭ ਹੋਣ ਤੋਂ, ਪਵਿੱਤਰ ਅਸਥਾਨ ਫ਼ੰਡ ਦੀ ਮਾਲਕੀ ਬੋਰਡ ਵਿੱਚ ਨਿਹਿਤ ਹੋਵੇਗੀ ਅਤੇ ਬੋਰਡ ਇਸ ਐਕਟ ਦੇ ਪ੍ਰਯੋਜਨਾਂ ਲਈ ਇਸ ਦੇ ਕਬਜ਼ੇ, ਪ੍ਰਸ਼ਾਸਨ ਅਤੇ ਵਰਤੋਂ ਦਾ ਹੱਕਦਾਰ ਹੋਵੇਗਾ।

ਬੋਰਡ ਦਾ ਗਠਨ।

4. (1) ਪਵਿੱਤਰ ਅਸਥਾਨ ਦਾ ਪ੍ਰਸ਼ਾਸਨ, ਪ੍ਰਬੰਧਨ ਅਤੇ ਸ਼ਾਸਨ ਚੇਅਰਮੈਨ, ਵਾਈਸ-ਚੇਅਰਮੈਨ ਅਤੇ ਪੰਦਰਾਂ ਤੋਂ ਨਾ ਵੱਧ ਦੇ ਮੈਂਬਰਾਂ ਤੋਂ ਮਿਲ ਕੇ ਬਣੇ ਇੱਕ ਬੋਰਡ ਵਿੱਚ ਨਿਹਿਤ ਹੋਵੇਗਾ। ਬੋਰਡ ਦੀ ਬਣਤਰ ਹੇਠ-ਲਿਖੇ ਅਨੁਸਾਰ ਹੋਵੇਗੀ:-

| | | | |
|---|---|---|---|
| 1. | ਮੁੱਖ ਮੰਤਰੀ, ਪੰਜਾਬ; | : | ਚੇਅਰਮੈਨ |
| 2. | ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ ਦਾ ਇੰਚਾਰਜ ਮੰਤਰੀ; | : | ਵਾਈਸ-ਚੇਅਰਮੈਨ |
| 3. | ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ ਦਾ ਇੰਚਾਰਜ ਮੰਤਰੀ; | : | ਮੈਂਬਰ |
| 4. | ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ; | : | ਮੈਂਬਰ |
| 5. | ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ; | : | ਮੈਂਬਰ |
| 6. | ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ; | : | ਮੈਂਬਰ |

7. ਡਿਪਟੀ ਕਮਿਸ਼ਨਰ, ਅੰਮ੍ਰਿਤਸਰ; ਅਤੇ : ਮੈਂਬਰ

8. ਡਾਇਰੈਕਟਰ, ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ। : ਮੈਂਬਰ

(2) ਰਾਜ ਸਰਕਾਰ ਵਾਲਮੀਕ/ਮਜ਼ਬੀ ਸਿੱਖ ਭਾਈਚਾਰੇ ਨਾਲ ਸਬੰਧਤ ਸੱਤ ਗੈਰ-ਸਰਕਾਰੀ ਮੈਂਬਰਾਂ ਨੂੰ ਨਾਮਜ਼ਦ ਕਰੇਗੀ, ਜਿਨ੍ਹਾਂ ਨੇ ਸਰਕਾਰ ਦੀ ਰਾਏ ਵਿੱਚ ਸਮੁਦਾਏ ਦੀ ਸੇਵਾ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੈ।

ਪਵਿੱਤਰ ਅਸਥਾਨ ਫੰਡ ਦਾ ਭੁਗਤਾਨ।

5. ਪਵਿੱਤਰ ਅਸਥਾਨ ਫੰਡ ਹੇਠ-ਲਿਖਿਆਂ ਲਈ ਵਰਤਿਆ ਜਾਵੇਗਾ,-

(ੳ) ਮੰਦਰ ਦੀ ਸਹੀ ਸਾਂਭ-ਸੰਭਾਲ, ਪੂਜਾ ਅਤੇ ਹੋਰ ਕਰਮ-ਕਾਂਡ ਦੇ ਪਾਲਣ ਲਈ ਖ਼ਰਚਿਆਂ ਦਾ ਭੁਗਤਾਨ ਕਰਨ ਲਈ;

(ਅ) ਆਉਣ ਵਾਲੇ ਸ਼ਰਧਾਲੂਆਂ ਨੂੰ ਸੁਵਿਧਾਵਾਂ ਅਤੇ ਸਹੂਲਤਾਂ ਪ੍ਰਦਾਨ ਕਰਨ ਲਈ;

(ੲ) ਵਿੱਦਿਅਕ ਸੰਸਥਾਵਾਂ ਦੀ ਸਥਾਪਨਾ ਅਤੇ ਰੱਖ-ਰਖਾਅ ਲਈ;

(ਸ) ਵਿਦਿਆਰਥੀਆਂ ਦੀ ਸਿਖਲਾਈ ਲਈ; ਅਤੇ

(ਹ) ਧਾਰਮਿਕ ਸਥਾਨ ਤੇ ਆਉਣ ਵਾਲੇ ਚੇਲਿਆਂ, ਸ਼ਰਧਾਲੂਆਂ ਅਤੇ ਉਪਾਸਨਾ ਕਰਨ ਵਾਲਿਆਂ ਦੀ ਸਿਹਤ, ਸੁਰੱਖਿਅਤਾ ਅਤੇ ਸਹੂਲਤ ਨੂੰ ਯਕੀਨੀ ਬਣਾਉਣ ਲਈ।

ਬੋਰਡ ਦਾ ਨਿਗਮਨ।

6. ਬੋਰਡ ਇੱਕ ਨਿਗਮਤ ਬੌਡੀ ਹੋਵੇਗੀ ਅਤੇ ਇਸ ਦਾ ਸਦੀਵੀ ਉਤਰਾਧਿਕਾਰ ਅਤੇ ਇੱਕ ਸਾਂਝੀ ਮੋਹਰ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ 'ਤੇ ਦਾਵਾ ਕੀਤਾ ਜਾ ਸਕੇਗਾ।

ਮੈਂਬਰਾਂ ਦੇ ਅਹੁਦੇ ਦੀ ਅਉਧ।

7. ਬੋਰਡ ਦਾ ਨਾਮਜ਼ਦ ਮੈਂਬਰ ਸਰਕਾਰ ਦੀ ਪ੍ਰਸੰਨਤਾ ਪਰਯੰਤ ਆਪਣਾ ਅਹੁਦਾ ਧਾਰਨ ਕਰੇਗਾ:

ਪਰੰਤੂ ਉਸ ਦੇ ਅਹੁਦੇ ਦੀ ਅਉਧ ਧਾਰਾ 4 ਅਧੀਨ ਉਸ ਦੀ ਨਾਮਜ਼ਦਗੀ ਦੀ ਤਰੀਕ ਤੋਂ ਦੋ ਸਾਲਾਂ ਤੋਂ ਵੱਧ ਨਹੀਂ ਹੋਵੇਗੀ।

ਬੋਰਡ ਦੀ ਮੈਂਬਰੀ ਤੋਂ ਨਾਕਾਬਲੀਅਤਾ।

8. ਕੋਈ ਵਿਅਕਤੀ ਬੋਰਡ ਦੇ ਮੈਂਬਰ ਵਜੋਂ ਨਾਮਜ਼ਦ ਕੀਤੇ ਜਾਣ ਲਈ ਨਾਕਾਬਲ ਹੋ ਜਾਵੇਗਾ,-

(ੳ) ਜੇ ਉਹ ਵਿਗੜ-ਚਿੱਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਨੇ ਉਸ ਨੂੰ ਅਜਿਹਾ ਐਲਾਨਿਆ ਹੈ ਜਾਂ ਉਹ ਬੋਲਾ, ਗੂੰਗਾ ਹੈ ਜਾਂ ਛੂਤ ਵਾਲੇ ਕੋੜ੍ਹ ਜਾਂ ਕਿਸੇ ਨਾਮੁਰਾਦ ਛੂਤ ਵਾਲੇ ਰੋਗ ਤੋਂ ਪੀੜ੍ਹਤ ਹੈ; ਜਾਂ

(ਅ) ਜੇ ਉਹ ਅਮੁਕਤ ਦਿਵਾਲੀਆ ਹੈ; ਜਾਂ

(ੲ) ਜੇ ਉਹ ਬੋਰਡ ਦੇ ਵਿਰੁੱਧ ਇੱਕ ਕਾਨੂੰਨੀ ਪ੍ਰੈਕਟੀਸ਼ਨਰ ਵਜੋਂ ਪੇਸ਼ ਹੋ ਰਿਹਾ ਹੈ; ਜਾਂ

(ਸ) ਜੇ ਉਸ ਨੂੰ ਕਿਸੇ ਫ਼ੌਜਦਾਰੀ ਅਦਾਲਤ ਦੁਆਰਾ ਕਿਸੇ ਸਦਾਚਾਰਕ ਗਿਰਾਵਟ ਵਿੱਚ ਪਲਚੇ ਅਪਰਾਧ ਲਈ ਦੰਡ ਦਿੱਤਾ ਗਿਆ ਹੈ, ਅਜਿਹੇ ਦੰਡ ਨੂੰ ਉਲਟਾ ਨਾ ਦਿੱਤਾ ਗਿਆ ਹੋਵੇ; ਜਾਂ

(ਹ) ਜੇ ਸਰਕਾਰ ਦੀ ਰਾਏ ਵਿੱਚ ਉਸ ਨੇ ਪਵਿੱਤਰ ਅਸਥਾਨ ਦੇ ਹਿੱਤ ਦੇ ਵਿਰੁੱਧ ਕੰਮ ਕੀਤਾ ਹੈ; ਜਾਂ

(ਕ) ਜੇ ਉਹ ਬੋਰਡ ਨਾਲ ਜੁੜਿਆ ਇੱਕ ਅਹੁਦੇਦਾਰ ਜਾਂ ਸੇਵਕ ਹੈ; ਜਾਂ

(ਖ) ਜੇ ਉਹ ਪਵਿੱਤਰ ਅਸਥਾਨ ਦੇ ਪ੍ਰਸ਼ਾਸਨ ਵਿੱਚ ਭ੍ਰਿਸ਼ਟਾਚਾਰ ਜਾਂ ਦੁਰਾਚਾਰ ਦਾ ਦੋਸ਼ੀ ਰਿਹਾ ਹੈ; ਜਾਂ

(ਗ) ਜੇ ਉਹ ਨਸ਼ੀਲੀਆਂ ਸ਼ਰਾਬਾਂ ਜਾਂ ਨਸ਼ੀਲੇ ਪਦਾਰਥਾਂ ਦਾ ਆਦੀ ਹੈ।

ਬੋਰਡ ਦਾ ਭੰਗ ਅਤੇ ਅਧਿਲੰਘਣ।

9. (1) ਜੇ ਸਰਕਾਰ ਦੀ ਰਾਏ ਵਿੱਚ, ਬੋਰਡ ਇਸ ਐਕਟ ਅਧੀਨ ਅਰੋਪੇ ਗਏ ਕਰਤੱਵਾਂ ਨੂੰ ਨਿਭਾਉਣ ਦੇ ਸਮਰੱਥ ਨਹੀਂ ਹੈ, ਜਾਂ ਵਾਰ-ਵਾਰ ਨਿਭਾਉਣ ਵਿੱਚ ਕੋਤਾਹੀ ਕਰਦਾ ਹੈ ਜਾਂ ਆਪਣੀਆਂ ਸ਼ਕਤੀਆਂ ਤੋਂ ਟੱਪਦਾ ਹੈ ਜਾਂ ਸ਼ਕਤੀਆਂ ਦੀ ਕੁਵਰਤੋਂ ਕਰਦਾ ਹੈ, ਤਾਂ ਸਰਕਾਰ ਉਚਿਤ ਜਾਂਚ ਤੋਂ ਬਾਅਦ ਅਤੇ ਬੋਰਡ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਬਾਅਦ, ਹੁਕਮ ਦੁਆਰਾ ਬੋਰਡ ਨੂੰ ਭੰਗ ਜਾਂ ਅਧਿਲੰਘਣ ਕਰ ਸਕਦੀ ਹੈ ਅਤੇ ਇਸ ਐਕਟ ਦੇ ਅਨੁਸਾਰ ਇੱਕ ਬੋਰਡ ਦਾ ਪੁਨਰਗਠਨ ਕਰ ਸਕਦੀ ਹੈ।

(2) ਜਿੱਥੇ ਇਸ ਧਾਰਾ ਅਧੀਨ ਕੋਈ ਬੋਰਡ ਭੰਗ ਜਾਂ ਅਧਿਲੰਘਣ ਕੀਤਾ ਜਾਂਦਾ ਹੈ, ਤਾਂ ਸਰਕਾਰ ਤਿੰਨ ਮਹੀਨਿਆਂ ਤੋਂ ਨਾ ਵੱਧ ਦੇ ਸਮੇਂ ਲਈ ਜਾਂ ਕਿਸੇ ਹੋਰ ਬੋਰਡ ਦੇ ਗਠਨ ਤੱਕ, ਜੋ ਵੀ ਪਹਿਲਾਂ ਹੋਵੇ, ਸਾਰੀਆਂ ਸ਼ਕਤੀਆਂ ਗ੍ਰਹਿਣ ਕਰੇਗੀ ਅਤੇ ਬੋਰਡ ਦੇ ਸਾਰੇ ਕਾਜਕਾਰ ਨਿਭਾਏਗੀ ਅਤੇ ਸਾਰੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ।

ਖਾਲੀ ਆਸਾਮੀਆਂ ਨੂੰ ਭਰਨਾ।

10. (1) ਮੈਂਬਰ ਦੀ ਇਤਫ਼ਾਕੀਆ ਖ਼ਾਲੀ ਥਾਂ ਨੂੰ ਧਾਰਾ 4 ਵਿੱਚ ਉਪਬੰਧਤ ਕੀਤੇ ਗਏ ਉਸੇ ਤਰੀਕੇ ਨਾਲ ਭਰਿਆ ਜਾਵੇਗਾ।

(2) ਕਿਸੇ ਇਤਫ਼ਾਕੀਆ ਖ਼ਾਲੀ ਥਾਂ ਨੂੰ ਭਰਨ ਲਈ ਨਾਮਜ਼ਦ ਕੀਤੇ ਗਏ ਮੈਂਬਰ ਦੀ ਅਉਧ ਉਸ ਦਿਨ ਗੁਜ਼ਰ ਜਾਵੇਗੀ ਜਿਸ ਦਿਨ ਉਸ ਮੈਂਬਰ ਦੀ ਅਉਧ ਗੁਜ਼ਰ ਜਾਣੀ ਸੀ ਜਿਸ ਦੀ ਖ਼ਾਲੀ ਥਾਂ ਤੇ ਨਾਮਜ਼ਦਗੀ ਕੀਤੀ ਗਈ ਹੈ।

(3) ਬੋਰਡ ਦੁਆਰਾ ਕੀਤਾ ਗਿਆ ਕੋਈ ਵੀ ਕੰਮ ਸਿਰਫ਼ ਇੱਕ ਇਤਫ਼ਾਕੀਆ ਖ਼ਾਲੀ ਥਾਂ ਹੋਣ ਦੇ ਕਾਰਨ ਨਾਜਾਇਜ਼ ਨਹੀਂ ਹੋਵੇਗਾ।

ਅਸਤੀਫ਼ਾ।

11. ਕੋਈ ਵੀ ਨਾਮਜ਼ਦ ਮੈਂਬਰ ਚੇਅਰਮੈਨ ਨੂੰ ਲਿਖਤੀ ਰੂਪ ਵਿੱਚ ਨੋਟਿਸ ਦੇ ਕੇ ਮੈਂਬਰ ਵਜੋਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਸਕਦਾ ਹੈ ਅਤੇ ਸਰਕਾਰ ਦੁਆਰਾ ਉਸ ਨੂੰ ਪ੍ਰਵਾਨ ਕਰਨ ਦੀ ਤਰੀਕ ਤੋਂ ਉਸ ਦਾ ਅਹੁਦਾ ਖ਼ਾਲੀ ਹੋ ਜਾਵੇਗਾ।

ਬੋਰਡ ਦਾ ਦਫ਼ਤਰ ਅਤੇ ਇਕੱਤਰਤਾ।

12. (1) ਬੋਰਡ ਆਪਣਾ ਦਫ਼ਤਰ ਅਜਿਹੇ ਸਥਾਨ ਤੇ ਰੱਖੇਗਾ ਜਿਵੇਂ ਇਹ ਨਿਸ਼ਚਿਤ ਕਰੇ।

(2) ਬੋਰਡ ਦੀ ਇਕੱਤਰਤਾ ਵਿੱਚ, ਚੇਅਰਮੈਨ ਅਤੇ ਉਸ ਦੀ ਗੈਰਹਾਜ਼ਰੀ ਵਿੱਚ, ਵਾਈਸ-ਚੇਅਰਮੈਨ ਪ੍ਰਧਾਨਗੀ ਕਰੇਗਾ।

(3) ਕਿਸੇ ਵੀ ਇਕੱਤਰਤਾ ਵਿੱਚ ਕੋਈ ਵੀ ਕਾਰੋਬਾਰ ਸੰਚਾਲਣ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਘੱਟੋ-ਘੱਟ ਪੰਜ ਮੈਂਬਰ ਹਾਜ਼ਰ ਨਾ ਹੋਣ।

(4) ਬੋਰਡ ਦਾ ਹਰੇਕ ਫ਼ੈਸਲਾ, ਇਸ ਐਕਟ ਦੁਆਰਾ ਸਪੱਸ਼ਟ ਤੌਰ ਤੇ ਉਪਬੰਧਤ ਦੇ ਸਿਵਾਏ, ਬਹੁਮਤ ਵੋਟਾਂ ਦੁਆਰਾ ਹੋਵੇਗਾ, ਅਤੇ ਵੋਟਾਂ ਦੇ ਬਰਾਬਰ ਹੋਣ ਦੀ ਸੂਰਤ ਵਿੱਚ, ਪ੍ਰਧਾਨਗੀ ਕਰਨ ਵਾਲੇ ਵਿਅਕਤੀ ਕੋਲ ਦੂਜੀ ਜਾਂ ਨਿਰਣਾਇਕ ਵੋਟ ਹੋਵੇਗੀ।

ਬੋਰਡ ਦੇ ਅਫ਼ਸਰਾਂ ਅਤੇ ਕਰਮਚਾਰੀਆਂ ਦੀ ਨਿਯੁਕਤੀ।

13. (1) ਇਸ ਐਕਟ ਅਧੀਨ ਇਸ ਨੂੰ ਸੌਂਪੇ ਗਏ ਕਰਤੱਵਾਂ ਨੂੰ ਕੁਸ਼ਲਤਾ ਨਾਲ ਨਿਭਾਉਣ ਲਈ, ਬੋਰਡ ਇੱਕ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਅਜਿਹੇ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਅਜਿਹੇ ਅਹੁਦੇ, ਤਨਖਾਹ, ਭੱਤਿਆਂ ਅਤੇ ਹੋਰ ਮਿਹਨਤਾਨੇ ਅਤੇ ਵਿਸ਼ੇਸ਼-ਅਧਿਕਾਰ, ਜਿਵੇਂ ਬੋਰਡ ਸਮੇਂ ਸਮੇਂ ਤੇ ਨਿਰਧਾਰਤ ਕਰੇ, 'ਤੇ ਨਿਯੁਕਤ ਕਰ ਸਕਦਾ ਹੈ, ਜਿਵੇਂ ਇਹ ਜ਼ਰੂਰੀ ਸਮਝੇ।

(2) ਇਸ ਐਕਟ ਅਧੀਨ ਬਣਾਏ ਗਏ ਕਿਸੇ ਵੀ ਨਿਯਮਾਂ ਦੇ ਤਾਬੇ, ਬੋਰਡ ਦੇ ਚੇਅਰਮੈਨ ਕੋਲ ਅਨੁਸ਼ਾਸਨ ਦੀ ਉਲੰਘਣਾ, ਲਾਪਰਵਾਹੀ, ਅਯੋਗਤਾ ਅਤੇ ਡਿਊਟੀ ਦੀ ਅਣਗਹਿਲੀ ਜਾਂ ਦੁਰਾਚਾਰ ਜਾਂ ਕਿਸੇ ਹੋਰ ਢੁੱਕਵੇਂ ਕਾਰਨ ਲਈ ਬੋਰਡ ਦੇ ਕਿਸੇ ਵੀ ਅਧਿਕਾਰੀ ਜਾਂ ਸੇਵਕ ਦਾ ਤਬਾਦਲਾ, ਮੁਅੱਤਲ, ਹਟਾਉਣ ਜਾਂ ਬਰਖ਼ਾਸਤ ਕਰਨ ਦੀ ਸ਼ਕਤੀ ਹੋਵੇਗੀ:

ਪਰੰਤੂ ਜਿੱਥੇ ਅਧਿਕਾਰੀ ਜਾਂ ਸੇਵਕ ਇੱਕ ਸਰਕਾਰੀ ਸੇਵਕ ਹੈ, ਉਸ ਨੂੰ ਸਰਕਾਰ ਵਿੱਚ ਉਸ ਦੇ ਮੂਲ ਕਾਡਰ ਜਾਂ ਵਿਭਾਗ ਵਿੱਚ ਪਰਤਾਇਆ ਜਾ ਸਕਦਾ ਹੈ।

ਬੋਰਡ ਦੇ ਅਧਿਕਾਰੀਆਂ ਅਤੇ ਸੇਵਕਾਂ ਦਾ ਲੋਕ ਸੇਵਕ ਹੋਣਾ।

14. ਬੋਰਡ ਦੇ ਮੈਂਬਰ, ਅਧਿਕਾਰੀ ਅਤੇ ਸੇਵਕ, ਇਸ ਐਕਟ ਦੇ ਉਪਬੰਧਾਂ ਜਾਂ ਇਸ ਦੇ ਅਧੀਨ ਬਣਾਏ ਗਏ ਕਿਸੇ ਵੀ ਨਿਯਮਾਂ ਦੇ ਅਨੁਸਰਣ ਵਿੱਚ ਕਾਰਜ ਕਰਦੇ ਹੋਏ ਜਾਂ ਤਾਤਪਰਜਤ, ਭਾਰਤੀ ਦੰਡ ਸੰਘਤਾ ਦੀ ਧਾਰਾ 21 ਦੇ ਅਰਥਾਂ ਅੰਦਰ ਲੋਕ ਸੇਵਕ ਸਮਝੇ ਜਾਣਗੇ।

ਮੈਂਬਰਾਂ ਦੀ ਦੇਣਦਾਰੀ।

15. ਬੋਰਡ ਦਾ ਹਰੇਕ ਮੈਂਬਰ ਪਵਿੱਤਰ ਅਸਥਾਨ ਫੰਡ ਦੇ ਹਾਨ, ਬਰਬਾਦ ਜਾਂ ਕੁਵਰਤੋਂ ਲਈ ਭਾਗੀ ਹੋਵੇਗਾ ਜੇਕਰ ਅਜਿਹਾ ਹਾਨ, ਬਰਬਾਦ ਜਾਂ ਕੁਵਰਤੋਂ ਮੈਂਬਰ ਵਜੋਂ ਉਸ ਦੀ ਜਾਣਬੁੱਝ ਕੇ ਕੀਤੀ ਗਈ ਕਾਰਵਾਈ ਜਾਂ ਭੁੱਲ ਦਾ ਸਿੱਧਾ ਨਤੀਜਾ ਹੈ

ਅਤੇ ਬੋਰਡ ਦੁਆਰਾ ਉਸ ਦੇ ਵਿਰੁੱਧ ਮੁਆਵਜ਼ੇ ਲਈ ਦਾਵਾ ਦਾਇਰ ਕੀਤਾ ਜਾ ਸਕੇਗਾ।

16. (1) ਕੋਈ ਵੀ ਜੇਵਰ, ਸ਼ਿੰਗਾਰ ਜੋ ਮੂਰਤੀਆਂ ਤੇ ਸ਼ਿੰਗਾਰੇ ਗਏ ਹਨ ਜਾਂ ਪਵਿੱਤਰ ਅਸਥਾਨ ਫ਼ੰਡ ਦਾ ਹਿੱਸਾ ਬਣਨ ਵਾਲੀ ਅਣ-ਨਸ਼ਟਵਾਨ ਪ੍ਰਕਿਰਤੀ ਦੀ ਹੋਰ ਮੁੱਲਵਾਨ ਸੰਪੱਤੀ ਦਾ, ਬੋਰਡ ਦੀ ਸਿਫ਼ਾਰਸ਼ ਤੇ ਸਰਕਾਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਤਬਾਦਲਾ, ਵਟਾਂਦਰਾ, ਵੇਚ ਜਾਂ ਨਿਪਟਾਰਾ ਨਹੀਂ ਕੀਤਾ ਜਾਵੇਗਾ। ਚੱਲ ਜਾਂ ਅਚੱਲ ਸੰਪੱਤੀ ਦੀ ਹੱਕ ਬਦਲੀ।

(2) ਬੋਰਡ ਦੁਆਰਾ ਧਾਰਨ ਕੀਤੀ ਗਈ ਕੋਈ ਵੀ ਭੋਂ ਜਾਂ ਹੋਰ ਅਚੱਲ ਸੰਪੱਤੀ ਦੀ ਬੋਰਡ ਦੇ ਮਤੇ ਅਤੇ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਹੱਕ ਬਦਲੀ ਨਹੀਂ ਕੀਤੀ ਜਾਵੇਗੀ।

17. ਬੋਰਡ ਦੇ ਮਤੇ ਅਤੇ ਸਰਕਾਰ ਦੀ ਪ੍ਰਵਾਨਗੀ ਤੋਂ ਸਿਵਾਏ ਕੋਈ ਧਨ ਉਧਾਰ ਲਿਆ ਜਾਂ ਉਧਾਰ ਨਹੀਂ ਦਿੱਤਾ ਜਾਵੇਗਾ। ਉਧਾਰ ਲੈਣ ਅਤੇ ਉਧਾਰ ਦੇਣ ਦੀ ਸ਼ਕਤੀ ਦੀਆਂ ਸੀਮਾਵਾਂ।

18. ਇਸ ਐਕਟ ਦੇ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਤਾਬੇ, ਬੋਰਡ ਦੇ ਹੇਠ-ਲਿਖੇ ਕਰਤੱਵ ਹੋਣਗੇ,- ਬੋਰਡ ਦੇ ਕਰਤੱਵ।

(ੳ) ਪਵਿੱਤਰ ਅਸਥਾਨ ਤੇ ਪੂਜਾ ਦੇ ਉਚਿਤ ਪਾਲਣ ਦਾ ਪ੍ਰਬੰਧ ਕਰਨਾ;

(ਅ) ਸ਼ਰਧਾਲੂਆਂ ਦੁਆਰਾ ਪੂਜਾ ਦੇ ਉਚਿਤ ਪਾਲਣ ਲਈ ਸਹੂਲਤਾਂ ਪ੍ਰਦਾਨ ਕਰਨਾ;

(ੲ) ਪਵਿੱਤਰ ਅਸਥਾਨ ਫ਼ੰਡ ਦੀ ਸੁਰੱਖਿਅਤ ਸੰਭਾਲ ਅਤੇ ਪਰਿਰੱਖਣ ਲਈ ਪ੍ਰਬੰਧ ਕਰਨਾ;

(ਸ) ਉਪਾਸਨਾ ਕਰਨ ਵਾਲਿਆਂ ਅਤੇ ਸ਼ਰਧਾਲੂਆਂ ਦੇ ਫ਼ਾਇਦੇ ਲਈ,-

(i) ਉਨ੍ਹਾਂ ਦੀ ਰਿਹਾਇਸ਼ ਲਈ ਇਮਾਰਤਾਂ ਦੀ ਉਸਾਰੀ;

(ii) ਸਫ਼ਾਈ ਕਾਰਜਾਂ ਦੀ ਉਸਾਰੀ; ਅਤੇ

(iii) ਸੰਚਾਰ ਦੇ ਸਾਧਨਾਂ ਵਿੱਚ ਸੁਧਾਰ;

ਦਾ ਜ਼ਿੰਮਾ ਲੈਣਾ।

(ਹ) ਪਵਿੱਤਰ ਅਸਥਾਨ ਅਤੇ ਇਸ ਦੇ ਆਲੇ-ਦੁਆਲੇ ਦੇ ਖੇਤਰ ਸਬੰਧੀ ਵਿਕਾਸ ਸਰਗਰਮੀਆਂ ਦਾ ਜ਼ਿੰਮਾ ਲੈਣਾ;

(ਕ) ਧਾਰਮਿਕ ਵਿੱਦਿਆ ਅਤੇ ਆਮ ਸਿੱਖਿਆ ਦੇਣ ਲਈ ਢੁੱਕਵੇਂ ਪ੍ਰਬੰਧ ਕਰਨਾ;

(ਖ) ਉਪਾਸਨਾ ਕਰਨ ਵਾਲਿਆਂ ਅਤੇ ਸਰਧਾਲੂਆਂ ਲਈ ਡਾਕਟਰੀ ਰਾਹਤ ਦੇ ਉਪਬੰਧ ਕਰਨਾ;

(ਗ) ਤਨਖਾਹਦਾਰ ਸਟਾਫ਼ ਨੂੰ ਢੁੱਕਵੇਂ ਮਿਹਨਤਾਨੇ ਦੀ ਅਦਾਇਗੀ ਲਈ ਉਪਬੰਧ ਕਰਨਾ; ਅਤੇ

(ਘ) ਅਜਿਹੀਆਂ ਸਾਰੀਆਂ ਗੱਲਾਂ ਕਰਨਾ ਜੋ ਪਵਿੱਤਰ ਅਸਥਾਨ ਅਤੇ ਪਵਿੱਤਰ ਅਸਥਾਨ ਫ਼ੰਡ ਦੇ ਕੁਸ਼ਲ ਪ੍ਰਬੰਧਨ, ਰੱਖ-ਰਖਾਅ ਅਤੇ ਪ੍ਰਸ਼ਾਸਨ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਅਨੁਸੰਗਕ ਅਤੇ ਸਹਾਈ ਹੋਣ।

ਕਿਰਾਏਦਾਰੀ ਦੀ ਪੱਟੇ ਦੀ ਤਬਦੀਲੀ।

19. ਦੁਕਾਨਦਾਰ ਅਤੇ ਹੋਰ ਪੱਟੇ ਧਾਰਕ, ਜੋ ਇਸ ਐਕਟ ਵਿੱਚ ਹਵਾਲਾ ਦਿੱਤੇ ਗਏ ਖੇਤਰ ਵਿੱਚ ਪਵਿੱਤਰ ਅਸਥਾਨ ਦੇ ਕਿਰਾਏਦਾਰ ਹਨ, ਬੋਰਡ ਦੇ ਕਿਰਾਏਦਾਰ ਬਣ ਜਾਣਗੇ।

ਰਜਿਸਟਰਾਂ ਦਾ ਤਿਆਰ ਕਰਨਾ ਅਤੇ ਕਾਇਮ ਰੱਖਣਾ।

20. (1) ਇੱਕ ਰਜਿਸਟਰ (ਾਂ) ਨੂੰ ਅਜਿਹੇ ਰੂਪ ਅਤੇ ਤਰੀਕੇ ਨਾਲ, ਜਿਵੇਂ ਮੁਕੱਰਰ ਕੀਤਾ ਜਾਵੇ, ਤਿਆਰ ਅਤੇ ਕਾਇਮ ਰੱਖਿਆ ਜਾਵੇਗਾ, ਜਿਸ ਵਿੱਚ ਦਰਸਾਇਆ ਜਾਵੇਗਾ,-

(ੳ) ਪਵਿੱਤਰ ਅਸਥਾਨ ਦਾ ਮੂਲ ਅਤੇ ਇਤਿਹਾਸ ਅਤੇ ਪਵਿੱਤਰ ਅਸਥਾਨ ਦੇ ਰਿਵਾਜ ਜਾਂ ਪ੍ਰਥਾ ਦੇ ਵੇਰਵੇ;

(ਅ) ਪ੍ਰਸ਼ਾਸਨ ਦੀ ਸਕੀਮ ਅਤੇ ਖਰਚ ਦੇ ਪੈਮਾਨੇ ਦੇ ਵੇਰਵੇ;

(ੲ) ਉਨ੍ਹਾਂ ਸਾਰੇ ਅਫ਼ਸਰਾਂ ਦੇ ਨਾਂ ਜਿਨ੍ਹਾਂ ਨਾਲ ਕੋਈ ਤਨਖਾਹ, ਮਿਹਨਤਾਨਾ ਜਾਂ ਵਿਸ਼ੇਸ਼ ਅਧਿਕਾਰ ਜੁੜਿਆ ਹੋਇਆ ਹੈ ਅਤੇ ਹਰੇਕ ਮਾਮਲੇ ਵਿੱਚ ਸੇਵਾ ਦੀ ਪ੍ਰਕਿਰਤੀ, ਸਮਾਂ ਅਤੇ ਸ਼ਰਤਾਂ;

(ਸ) ਪਵਿੱਤਰ ਅਸਥਾਨ ਨਾਲ ਸਬੰਧਤ ਧਨ, ਜੇਵਰ, ਜਵਾਹਰਾਤ, ਸੋਨਾ, ਚਾਂਦੀ, ਕੀਮਤੀ ਪੱਥਰ, ਬਰਤਨ, ਅਤੇ ਭਾਂਡੇ ਅਤੇ ਹੋਰ ਚੱਲ ਵਸਤਾਂ, ਉਨ੍ਹਾਂ ਦੇ ਵਜ਼ਨ, ਸੰਘਟਕ ਤੱਤਾਂ ਦੇ ਵੇਰਵੇ ਅਤੇ ਉਨ੍ਹਾਂ ਦੀ ਅਨੁਮਾਨਤ ਕੀਮਤ;

(ਹ) ਪਵਿੱਤਰ ਅਸਥਾਨ ਦੀ ਅਚੱਲ ਸੰਪੱਤੀ ਅਤੇ ਸਾਰੇ ਹੋਰ ਦਾਨਾਂ ਅਤੇ ਸਾਰੇ ਹੱਕ ਵਸੀਕੇ ਅਤੇ ਹੋਰ ਦਸਤਾਵੇਜ਼ਾਂ ਦੇ ਵੇਰਵੇ;

(ਕ) ਪਵਿੱਤਰ ਅਸਥਾਨ ਵਿੱਚ ਜਾਂ ਇਸ ਨਾਲ ਤੱਲਕ ਰੱਖਦੀਆਂ ਮੂਰਤੀਆਂ ਅਤੇ ਹੋਰ ਤਸਵੀਰਾਂ ਦੇ ਵੇਰਵੇ, ਸੰਘਟਕ ਤੱਤਾਂ ਅਤੇ ਰੰਗੀਨ ਫੋਟੋਆਂ ਦੇ ਵੇਰਵੇ, ਭਾਵੇਂ ਉਹ ਪੂਜਾ ਲਈ ਚਿਤਵਤ ਹੋਣ ਜਾਂ ਜਲੂਸਾਂ ਵਿੱਚ ਲਿਜਾਣ ਲਈ ਹੋਣ;

(ਖ) ਪ੍ਰਾਚੀਨ ਜਾਂ ਇਤਿਹਾਸਕ ਰਿਕਾਰਡਾਂ ਸਹਿਤ ਉਨ੍ਹਾਂ ਦੀ ਸੰਖੇਪ ਸਮੱਗਰੀ; ਅਤੇ

(ਗ) ਅਜਿਹੇ ਹੋਰ ਵੇਰਵੇ ਜੋ ਬੋਰਡ ਦੁਆਰਾ ਲੋੜੀਂਦੇ ਹੋਣ।

(2) ਰਜਿਸਟਰ ਇਸ ਨਮਿੱਤ ਮੈਂਬਰ-ਸਕੱਤਰ ਦੁਆਰਾ ਦਿੱਤੇ ਗਏ ਨੋਟਿਸ ਦੀ ਤਰੀਕ ਤੋਂ ਤਿੰਨ ਮਹੀਨੇ ਦੇ ਅੰਦਰ ਜਾਂ ਉਸ ਦੁਆਰਾ ਮਨਜ਼ੂਰ ਕੀਤੀ ਗਈ ਅਜਿਹੀ ਹੋਰ ਮੁੱਦਤ ਦੇ ਅੰਦਰ ਮੁੱਖ ਕਾਰਜਕਾਰੀ ਅਧਿਕਾਰੀ ਜਾਂ ਬੋਰਡ ਦੁਆਰਾ ਅਧਿਕਾਰਤ ਅਧਿਕਾਰੀ ਦੁਆਰਾ ਤਿਆਰ, ਹਸਤਾਖਰ ਅਤੇ ਤਸਦੀਕ ਕੀਤਾ ਜਾਵੇਗਾ।

(3) ਬੋਰਡ ਅਜਿਹੀ ਜਾਂਚ ਤੋਂ ਬਾਅਦ ਜੋ ਉਹ ਜ਼ਰੂਰੀ ਸਮਝੇ, ਅਧਿਕਾਰੀ ਨੂੰ ਸਿਫ਼ਾਰਸ਼ ਕਰ ਸਕਦਾ ਹੈ ਅਤੇ ਨਿਰਦੇਸ਼ ਦੇ ਸਕਦਾ ਹੈ ਕਿ ਉਹ ਰਜਿਸਟਰਾਂ ਵਿੱਚ ਅਜਿਹੀਆਂ ਤਬਦੀਲੀਆਂ, ਉਕਾਈਆਂ ਜਾਂ ਵਾਧੇ ਕਰੇ ਜਿਵੇਂ ਬੋਰਡ ਢੁੱਕਵਾਂ ਸਮਝੇ।

(4) ਅਧਿਕਾਰੀ ਬੋਰਡ ਦੇ ਨਿਰਦੇਸ਼ਾਂ ਦੀ ਪਾਲਣਾ ਕਰੇਗਾ ਅਤੇ ਹੁਕਮ ਦੀ ਤਰੀਕ ਤੋਂ ਤਿੰਨ ਮਹੀਨੇ ਦੇ ਅੰਦਰ ਰਜਿਸਟਰ (ੱ) ਨੂੰ ਪ੍ਰਵਾਨਗੀ ਲਈ ਬੋਰਡ ਨੂੰ ਪੇਸ਼ ਕਰੇਗਾ।

ਰਜਿਸਟਰਾਂ ਦੀ ਸਲਾਨਾ ਤਸਦੀਕ।

21. (1) ਮੁੱਖ ਕਾਰਜਕਾਰੀ ਅਧਿਕਾਰੀ ਜਾਂ ਬੋਰਡ ਦੁਆਰਾ ਅਧਿਕਾਰਤ ਕੋਈ ਵੀ ਅਧਿਕਾਰੀ ਹਰੇਕ ਸਾਲ ਜਾਂ ਅਜਿਹੇ ਵਕਫ਼ਿਆਂ ਤੇ, ਜੋ ਮੁਕੱਰਰ ਕੀਤੇ ਜਾਣ, ਰਜਿਸਟਰ ਵਿੱਚ ਇੰਦਰਾਜਾਂ ਦੀ ਛਾਣ-ਬੀਣ ਕਰੇਗਾ, ਅਤੇ ਇਸ ਨੂੰ ਮੈਂਬਰ-ਸਕੱਤਰ ਰਾਹੀਂ ਬੋਰਡ ਨੂੰ ਇਸ ਦੀ ਪ੍ਰਵਾਨਗੀ ਲਈ ਪੇਸ਼ ਕਰੇਗਾ।

(2) ਬੋਰਡ, ਤਦ, ਅਜਿਹੀ ਜਾਂਚ ਤੋਂ ਬਾਅਦ ਜੋ ਉਹ ਜ਼ਰੂਰੀ ਸਮਝੇ, ਰਜਿਸਟਰ ਵਿੱਚ ਤਬਦੀਲੀਆਂ, ਉਕਾਈਆਂ ਜਾਂ ਵਾਧੇ, ਜੇਕਰ ਕੋਈ ਹੋਣ, ਨੂੰ ਕਰਨ ਦਾ ਨਿਰਦੇਸ਼ ਦੇ ਸਕਦਾ ਹੈ।

(3) ਬੋਰਡ ਦੁਆਰਾ ਅਧਿਕਾਰਤ ਅਧਿਕਾਰੀ ਆਪਣੇ ਦੁਆਰਾ ਰੱਖੇ ਗਏ ਰਜਿਸਟਰ ਦੀ ਨਕਲ ਵਿੱਚ ਬੋਰਡ ਦੁਆਰਾ ਹੁਕਮ ਕੀਤੇ ਗਏ ਬਦਲਾਵਾਂ, ਉਕਾਈਆਂ ਜਾਂ ਵਾਧਿਆਂ ਨੂੰ ਹੁਕਮ ਦੀ ਤਰੀਕ ਤੋਂ ਤਿੰਨ ਮਹੀਨੇ ਦੇ ਅੰਦਰ ਪੂਰਾ ਕਰੇਗਾ।

ਸੰਪੱਤੀ ਅਤੇ ਦਸਤਾਵੇਜ਼ਾਂ ਦੀ ਹਦਾਇਤ।

22. (1) ਬੋਰਡ ਦਾ ਮੈਂਬਰ-ਸਕੱਤਰ ਜਾਂ ਬੋਰਡ ਜਾਂ ਸਰਕਾਰ ਦੁਆਰਾ ਉਸ ਨਮਿੱਤ ਅਧਿਕਾਰਤ ਕੋਈ ਵੀ ਅਧਿਕਾਰੀ, ਪਵਿੱਤਰ ਅਸਥਾਨ ਨਾਲ ਸਬੰਧਤ ਸਾਰੀਆਂ ਚੱਲ ਜਾਂ ਅਚੱਲ ਸੰਪੱਤੀਆਂ ਅਤੇ ਸਾਰੇ ਰਿਕਾਰਡ, ਪੱਤਰ-ਵਿਹਾਰ, ਯੋਜਨਾਵਾਂ, ਲੇਖੇ ਅਤੇ ਹੋਰ ਦਸਤਾਵੇਜ਼ਾਂ ਦਾ ਨਿਰੀਖਣ ਕਰ ਸਕਦਾ ਹੈ ਅਤੇ ਉਸ ਦੇ ਅਧੀਨ ਕੰਮ ਕਰਨ ਵਾਲੇ ਸਾਰੇ ਅਧਿਕਾਰੀਆਂ ਅਤੇ ਸੇਵਕਾਂ ਅਤੇ ਇਸ ਦੇ ਪ੍ਰਸ਼ਾਸਨ ਨਾਲ ਸਬੰਧਤ ਕਿਸੇ ਵੀ ਵਿਅਕਤੀ ਦਾ ਇਹ ਕਰਤੱਵ ਹੋਵੇਗਾ ਕਿ ਸਾਰੀ ਅਜਿਹੀ ਸਹਾਇਤਾ ਅਤੇ ਸਹੂਲਤਾਂ ਦੇਵੇ ਜੋ ਅਜਿਹੇ ਨਿਰੀਖਣ ਦੇ ਸਬੰਧ ਵਿੱਚ ਲੋੜੀਂਦੀ ਜਾਂ ਵਾਜਬ ਤੌਰ ਤੇ ਲੋੜੀਂਦੀਆਂ ਹੋਣ, ਅਤੇ ਜੇ ਇਸ ਤਰ੍ਹਾਂ ਲੋੜ ਹੋਵੇ ਤਾਂ ਨਿਰੀਖਣ ਲਈ ਕੋਈ ਵੀ ਅਜਿਹੀ ਚੱਲ ਸੰਪੱਤੀ ਜਾਂ ਦਸਤਾਵੇਜ਼ ਵੀ ਪੇਸ਼ ਕਰੇਗਾ।

(2) ਉਪਰੋਕਤ ਦੱਸੇ ਅਨੁਸਾਰ ਨਿਰੀਖਣ ਦੇ ਪ੍ਰਯੋਜਨਾਂ ਲਈ, ਨਿਰੀਖਣ ਅਥਾਰਟੀ, ਸਥਾਨਕ ਰੀਤ, ਰਿਵਾਜ ਜਾਂ ਪ੍ਰਥਾ ਦੇ ਤਾਬੇ, ਕਿਸੇ ਵੀ ਵਾਜਬ ਸਮੇਂ ਤੇ ਪਵਿੱਤਰ ਅਸਥਾਨ ਦੇ ਇਹਾਤੇ ਵਿੱਚ ਦਾਖਲ ਹੋਣ ਦੀ ਸ਼ਕਤੀ ਹੋਵੇਗੀ।

(3) ਇਸ ਧਾਰਾ ਦੀ ਕੋਈ ਗੱਲ ਕਿਸੇ ਵੀ ਵਿਅਕਤੀ ਨੂੰ ਉਪ-ਧਾਰਾ (2) ਵਿੱਚ ਹਵਾਲਾ ਦਿੱਤੇ ਗਏ ਇਹਾਤੇ ਜਾਂ ਥਾਂ ਜਾਂ ਉਸ ਦੇ ਕਿਸੇ ਵੀ ਹਿੱਸੇ ਵਿੱਚ ਦਾਖਲ ਹੋਣ ਲਈ ਅਧਿਕਾਰਤ ਨਹੀਂ ਸਮਝਿਆ ਜਾਵੇਗਾ ਜਦੋਂ ਤੱਕ ਕਿ ਅਜਿਹਾ ਵਿਅਕਤੀ ਉਸ ਧਰਮ ਨੂੰ ਨਹੀਂ ਮੰਨਦਾ ਜਿਸ ਨਾਲ ਉਹ ਇਹਾਤੇ ਜਾਂ ਥਾਂ ਸਬੰਧਤ ਹੈ।

ਦਸਤਾਵੇਜ਼ਾਂ ਦੇ ਰਜਿਸਟਰੀਕਰਨ ਤੇ ਪਾਬੰਦੀ।

23. ਰਜਿਸਟ੍ਰੇਸ਼ਨ ਐਕਟ, 1908 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਜਿਸਟਰੀ ਅਥਾਰਟੀ ਪਵਿੱਤਰ ਅਸਥਾਨ ਨਾਲ ਸਬੰਧਤ ਕਿਸੇ ਵੀ ਅਚੱਲ ਸੰਪੱਤੀ ਦੇ ਕਿਸੇ ਵੀ ਰਜਿਸਟਰੀਕਰਨ ਦੇ ਵਸੀਕੇ ਜਾਂ ਹੱਥ ਬਦਲੀ ਨੂੰ ਸਵੀਕਾਰ ਨਹੀਂ ਕਰੇਗੀ ਜਦ ਤੱਕ ਧਾਰਾ 16 ਦੇ ਅਧੀਨ ਅਜਿਹੇ ਹੱਥ ਬਦਲੀ ਨੂੰ ਮਨਜ਼ੂਰੀ ਦੇਣ ਵਾਲੇ ਹੁਕਮ ਦੀ ਪ੍ਰਮਾਣਿਤ ਨਕਲ ਵਸੀਕੇ ਦੇ ਨਾਲ ਦਾਇਰ ਨਹੀਂ ਕੀਤੀ ਜਾਂਦੀ।

ਕਾਨੂੰਨ ਵਿਰੁੱਧ ਹੱਥ ਬਦਲੀ ਕੀਤੀ ਗਈ ਅਚੱਲ ਸੰਪੱਤੀ ਦੀ ਵਸੂਲੀ।

24. (1) ਜਦੋਂ ਵੀ ਬੋਰਡ ਦੇ ਧਿਆਨ ਵਿੱਚ ਆਉਂਦਾ ਹੈ ਕਿ ਪਵਿੱਤਰ ਅਸਥਾਨ ਨਾਲ ਸਬੰਧਤ ਕੋਈ ਵੀ ਅਚੱਲ ਸੰਪੱਤੀ ਇਸ ਐਕਟ ਦੀ ਉਲੰਘਣਾ ਕਰਕੇ ਹੱਥ ਬਦਲੀ ਕੀਤੀ ਗਈ ਹੈ, ਤਾਂ ਉਹ ਇਸ ਮਾਮਲੇ ਨੂੰ ਸਰਕਾਰ ਨੂੰ ਭੇਜੇਗਾ।

(2) ਉਪ-ਧਾਰਾ (1) ਅਧੀਨ ਕੀਤੇ ਗਏ ਹਵਾਲੇ ਦੀ ਪ੍ਰਾਪਤੀ ਤੇ ਸਰਕਾਰ ਮੁਕੱਰਰ ਤਰੀਕੇ ਨਾਲ ਇੱਕ ਸਰਸਰੀ ਜਾਂਚ ਕਰੇਗੀ ਅਤੇ ਇਸ ਗੱਲ ਦੀ ਸੰਤੁਸ਼ਟੀ ਹੋਣ ਤੇ ਕਿ ਅਜਿਹੀ ਕੋਈ ਸੰਪੱਤੀ ਇਸ ਤਰ੍ਹਾਂ ਹੱਥ ਬਦਲੀ ਕੀਤੀ ਗਈ ਹੈ, ਤਾਂ ਬੋਰਡ ਨੂੰ ਉਸ ਦਾ ਕਬਜ਼ਾ ਸੌਂਪ ਦੇਵੇਗੀ।

ਪਵਿੱਤਰ ਅਸਥਾਨ ਨਾਲ ਸਬੰਧਤ ਭੋਂ ਅਤੇ ਅਹਾਤਿਆਂ ਤੇ ਕਬਜ਼ੇ ਹਟਾਉਣਾ।

25. (1) ਪੰਜਾਬ ਲੋਕ ਇਹਾਤੇ ਅਤੇ ਭੋਂ (ਬੇਦਖ਼ਲੀ ਅਤੇ ਕਿਰਾਇਆ ਵਸੂਲੀ) ਐਕਟ, 1973 (1973 ਦਾ ਪੰਜਾਬ ਐਕਟ ਨੰ: 31) ਵਿੱਚ ਦਰਜ ਉਪਬੰਧ, ਜਿੱਥੋਂ ਤੱਕ ਹੋ ਸਕੇ, ਪਵਿੱਤਰ ਅਸਥਾਨ ਨਾਲ ਸਬੰਧਤ ਕਿਸੇ ਵੀ ਭੋਂ ਜਾਂ ਇਹਾਤੇ ਦੇ ਅਣ-ਅਧਿਕਾਰਤ ਕਬਜ਼ੇ ਦੇ ਸਬੰਧ ਵਿੱਚ ਲਾਗੂ ਹੋਣਗੇ ਜਿਵੇਂ ਕਿ ਇਹ ਉਸ ਐਕਟ ਦੇ ਅਰਥਾਂ ਵਿੱਚ ਸਰਕਾਰ ਦੀ ਸੰਪੱਤੀ ਹੋਵੇ।

(2) ਬੋਰਡ ਦਾ ਮੈਂਬਰ-ਸਕੱਤਰ ਐਕਟ ਅਧੀਨ ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਅਨੁਸਾਰ ਉਸ ਅਧੀਨ ਸ਼ਕਤਵਾਨ ਅਥਾਰਟੀ ਨੂੰ ਮੁਨਾਸਬ ਕਾਰਵਾਈ ਕਰਨ ਲਈ ਅਰਜ਼ੀ ਦੇ ਸਕਦਾ ਹੈ ਅਤੇ ਤਦ ਅਜਿਹੀ ਅਥਾਰਟੀ ਲਈ ਉਸ ਐਕਟ ਦੇ ਉਪਬੰਧਾਂ ਅਨੁਸਾਰ ਕਾਰਵਾਈ ਕਰਨਾ ਕਾਨੂੰਨ-ਪੂਰਬਕ ਹੋਵੇਗਾ।

ਪਵਿੱਤਰ ਅਸਥਾਨ ਦੀ ਸੁਰੱਖਿਆ ਲਈ ਕਾਰਵਾਈ ਕਰਨ ਦੀ ਸ਼ਕਤੀ।

26. (1) ਜਿੱਥੇ ਬੋਰਡ ਕੋਲ ਇਹ ਵਿਸ਼ਵਾਸ ਦਾ ਕਾਰਨ ਹੈ ਕਿ,-

(ੳ) ਪਵਿੱਤਰ ਅਸਥਾਨ ਨਾਲ ਸਬੰਧਤ ਕੋਈ ਵੀ ਸੰਪੱਤੀ ਕਿਸੇ ਵੀ ਵਿਅਕਤੀ ਦੁਆਰਾ ਬਰਬਾਦ ਕਰਨ, ਨੁਕਸਾਨ ਪਹੁੰਚਾਉਣ ਜਾਂ ਅਣਉਚਿਤ ਤੌਰ ਤੇ ਹੱਥ-ਬਦਲੀ ਕੀਤੇ ਜਾਣ ਦੇ ਖਤਰੇ ਵਿੱਚ ਹੈ; ਜਾਂ

(ਅ) ਅਜਿਹਾ ਵਿਅਕਤੀ ਉਸ ਸੰਪੱਤੀ ਨੂੰ ਹਟਾਉਣ ਜਾਂ ਨਿਪਟਾਉਣ ਦੀ ਧਮਕੀ ਦਿੰਦਾ ਹੈ ਜਾਂ ਕਰਨ ਦਾ ਇਰਾਦਾ ਰੱਖਦਾ ਹੈ, ਤਾਂ ਬੋਰਡ ਦਾ ਮੁੱਖ ਕਾਰਜਕਾਰੀ ਅਧਿਕਾਰੀ, ਅਜਿਹੇ ਨਿਬੰਧਨਾਂ ਤੇ ਜਿਵੇਂ ਮਨਾਹੀ ਹੁਕਮ ਦੀ ਮੁਣਿਆਦ, ਲੇਖਾ-ਜੋਖਾ ਰੱਖਣ,

ਸੁਰੱਖਿਆ ਦੇਣ, ਸੰਪੱਤੀ ਪੇਸ਼ ਕਰਨ ਬਾਬਤ ਜਾਂ ਹੋਰ ਤਰ੍ਹਾਂ, ਜਿਵੇਂ ਉਹ ਠੀਕ ਸਮਝਦਾ ਹੈ, ਅਜਿਹੀ ਸੰਪੱਤੀ ਦੀ ਬਰਬਾਦੀ, ਨੁਕਸਾਨ, ਹੱਥ-ਬਦਲੀ, ਵਿਕਰੀ, ਹਟਾਉਣ ਜਾਂ ਨਿਪਟਾਰੇ ਨੂੰ ਰੋਕਣ ਅਤੇ ਰੋਕਣ ਦੇ ਪ੍ਰਯੋਜਨ ਲਈ, ਇੱਕ ਅਸਥਾਈ ਹੁਕਮ ਜਾਰੀ ਕਰਨ ਜਾਂ ਅਜਿਹਾ ਹੋਰ ਹੁਕਮ ਦੇਣ ਦਾ ਹੁਕਮ ਦੇ ਸਕਦਾ ਹੈ।

(2) ਬੋਰਡ ਦਾ ਮੁੱਖ ਕਾਰਜਕਾਰੀ ਅਧਿਕਾਰੀ ਅਜਿਹੇ ਸਾਰੇ ਮਾਮਲਿਆਂ ਵਿੱਚ ਸਿਵਾਏ ਜਿੱਥੇ ਇਹ ਜਾਪਦਾ ਹੈ ਕਿ ਮਨਾਹੀ ਹੁਕਮ ਜਾਰੀ ਕਰਨ ਦਾ ਉਦੇਸ਼ ਦੇਰੀ ਕਾਰਨ ਨਿਸਫ਼ਲ ਹੋ ਜਾਵੇਗਾ, ਮਨਾਹੀ ਦਾ ਹੁਕਮ ਜਾਰੀ ਕਰਨ ਤੋਂ ਪਹਿਲਾਂ ਸਬੰਧਤ ਵਿਅਕਤੀ ਨੂੰ ਤੱਥਾਂ ਦਾ ਨੋਟਿਸ ਦੇਵੇਗਾ।

(3) ਸਬੰਧਤ ਵਿਅਕਤੀ ਨੂੰ ਸੁਣਨ ਅਤੇ ਅਜਿਹੀ ਜਾਂਚ ਕਰਨ ਤੋਂ ਬਾਅਦ, ਜਿਵੇਂ ਉਹ ਢੁੱਕਵਾਂ ਸਮਝਦਾ ਹੈ, ਬੋਰਡ ਦਾ ਮੁੱਖ ਕਾਰਜਕਾਰੀ ਅਧਿਕਾਰੀ ਮਨਾਹੀ ਹੁਕਮ ਦੀ ਪੁਸ਼ਟੀ, ਨਿਸਤਾਰਾ, ਅਦਲ-ਬਦਲ ਜਾਂ ਰੱਦ ਕਰ ਸਕਦਾ ਹੈ ਜਾਂ ਇੱਕ ਮੁਨਾਸਬ ਹੁਕਮ ਪਾਸ ਕਰ ਸਕਦਾ ਹੈ।

(4) ਕਿਸੇ ਵੀ ਮਨਾਹੀ ਹੁਕਮ ਦੀ, ਇਸ ਦੇ ਕਿਸੇ ਵੀ ਨਿਬੰਧਨ ਜਾਂ ਕਿਸੇ ਵੀ ਹੁਕਮ ਦੀ ਅਵੱਗਿਆ ਜਾਂ ਪਾਲਣਾ ਨਾ ਕਰਨ ਦੇ ਮਾਮਲੇ ਵਿੱਚ, ਬੋਰਡ ਦਾ ਮੁੱਖ ਕਾਰਜਕਾਰੀ ਅਧਿਕਾਰੀ ਸਰਕਾਰ ਨੂੰ ਅਰਜ਼ੀ ਦੇ ਸਕਦਾ ਹੈ, ਜੋ ਬੋਰਡ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਪ੍ਰਭਾਵਿਤ ਧਿਰ ਨੂੰ ਸੁਣਨ ਤੋਂ ਬਾਅਦ, ਅਜਿਹੀ ਅਵੱਗਿਆ ਜਾਂ ਪਾਲਣਾ ਨਾ ਕਰਨ ਦੇ ਦੋਸ਼ੀ ਵਿਅਕਤੀ ਦੀ ਸੰਪੱਤੀ ਨੂੰ ਕੁਰਕ ਕਰਨ ਦਾ ਹੁਕਮ ਦੇ ਸਕਦੀ ਹੈ। ਇਸ ਉਪ-ਧਾਰਾ ਅਧੀਨ ਕੋਈ ਵੀ ਕੁਰਕੀ ਦੋ ਸਾਲਾਂ ਤੋਂ ਵੱਧ ਸਮੇਂ ਲਈ ਨਾਫ਼ਜ਼ ਨਹੀਂ ਰਹੇਗੀ, ਜਿਸ ਸਮੇਂ ਦੇ ਅੰਤ ਵਿੱਚ, ਜੇਕਰ ਅਵੱਗਿਆ ਜਾਂ ਪਾਲਣਾ ਨਾ ਕਰਨਾ ਜਾਰੀ ਰਹਿੰਦੀ ਹੈ, ਤਾਂ ਕੁਰਕ ਕੀਤੀ ਸੰਪੱਤੀ ਵੇਚੀ ਜਾ ਸਕਦੀ ਹੈ ਅਤੇ ਵਿਕਰੀ ਵੱਟਕਾਂ ਵਿੱਚੋਂ, ਸਰਕਾਰ ਅਜਿਹਾ ਮੁਆਵਜ਼ਾ ਦੇ ਸਕਦੀ ਹੈ ਜੋ ਉਹ ਢੁੱਕਵਾਂ ਸਮਝਦੀ ਹੈ, ਅਤੇ ਬਕਾਇਆ, ਜੇਕਰ ਕੋਈ ਹੋਵੇ, ਇਸ ਦੇ ਹੱਕਦਾਰ ਵਿਅਕਤੀ ਨੂੰ ਅਦਾ ਕਰੇਗੀ ਅਤੇ ਤਦ ਇਸ ਧਾਰਾ ਅਧੀਨ ਬੋਰਡ ਦੇ ਮੁੱਖ ਕਾਰਜਕਾਰੀ ਅਧਿਕਾਰੀ ਦੁਆਰਾ ਦਿੱਤਾ ਗਿਆ ਅਸਥਾਈ ਮਨਾਹੀ ਹੁਕਮ ਜਾਂ ਪਾਸ ਕੀਤਾ ਗਿਆ ਕੋਈ ਵੀ ਹੁਕਮ, ਜੇ ਨਾਫ਼ਜ਼ ਹੋਵੇ, ਸਮਾਪਤ ਜਾਂ ਜਿਹੀ ਕਿ ਸੂਰਤ ਹੋਵੇ, ਮਨਸੂਖ ਹੋ ਜਾਵੇਗਾ।

(5) ਇੱਕ ਵਿਅਕਤੀ, ਜਿਸ ਵਿਰੁੱਧ ਇਸ ਧਾਰਾ ਅਧੀਨ ਮਨਾਹੀ ਹੁਕਮ ਜਾਂ ਕੋਈ ਹੋਰ ਹੁਕਮ ਪਾਸ ਕੀਤਾ ਜਾਂਦਾ ਹੈ, ਅਜਿਹੇ ਹੁਕਮ ਦੇ ਸੰਸੂਚਤ ਹੋਣ ਦੀ ਤਰੀਕ ਤੋਂ ਨੱਬੇ ਦਿਨਾਂ ਦੇ ਅੰਦਰ, ਅਜਿਹੇ ਹੁਕਮ ਵਿਰੁੱਧ ਸਰਕਾਰ ਨੂੰ ਅਪੀਲ ਕਰ ਸਕਦਾ ਹੈ।

ਪੁਜਾਰੀਆਂ ਦੀ ਨਿਯੁਕਤੀ ਅਤੇ ਅਉਧ।

27. (1) ਬੋਰਡ ਜਾਂ ਇਸ ਦੁਆਰਾ ਅਧਿਕਾਰਤ ਅਧਿਕਾਰੀ ਪਵਿੱਤਰ ਅਸਥਾਨ ਦੇ ਪੁਜਾਰੀਆਂ ਦੀ ਨਿਯੁਕਤੀ ਕਰੇਗਾ ਅਤੇ ਅਜਿਹੀ ਨਿਯੁਕਤੀ ਕਰਦੇ ਸਮੇਂ, ਉਹ ਵਾਲਮੀਕ ਭਾਈਚਾਰੇ ਨਾਲ ਸਬੰਧਤ ਵਿਅਕਤੀਆਂ ਦੇ ਦਾਅਵਿਆਂ ਦਾ ਉਚਿਤ

ਧਿਆਨ ਰੱਖੇਗਾ ਜਿਨ੍ਹਾਂ ਦੇ ਫ਼ਾਇਦੇ ਲਈ ਪਵਿੱਤਰ ਅਸਥਾਨ ਮੁੱਖ ਤੌਰ ਤੇ ਸੰਭਾਲਿਆ ਜਾਂਦਾ ਹੈ।

(2) ਇੱਕ ਪੁਜਾਰੀ ਬੋਰਡ ਦੁਆਰਾ ਨਿਸ਼ਚਿਤ ਕੀਤੀ ਮੁੱਦਤ ਲਈ ਆਪਣਾ ਅਹੁਦਾ ਧਾਰਨ ਕਰੇਗਾ, ਜਦੋਂ ਤੱਕ ਕਿ ਇਸ ਸਮੇਂ ਦੇ ਦੌਰਾਨ ਉਸ ਨੂੰ ਹਟਾ ਜਾਂ ਬਰਖਾਸਤ ਨਹੀਂ ਕੀਤਾ ਜਾਂਦਾ ਜਾਂ ਉਸ ਦਾ ਅਸਤੀਫ਼ਾ ਬੋਰਡ ਜਾਂ ਇਸ ਦੇ ਦੁਆਰਾ ਅਧਿਕਾਰਤ ਅਧਿਕਾਰੀ ਦੁਆਰਾ ਸਵੀਕਾਰ ਨਹੀਂ ਕੀਤਾ ਜਾਂਦਾ ਜਾਂ ਉਹ ਕਿਸੇ ਹੋਰ ਤਰ੍ਹਾਂ ਨਾਲ ਪੁਜਾਰੀ ਨਹੀਂ ਰਹਿੰਦਾ।

ਮੁਅੱਤਲ ਕਰਨ, ਹਟਾਉਣਾ ਜਾਂ ਬਰਖ਼ਾਸਤ ਕਰਨ ਦੀ ਸ਼ਕਤੀ।

28. (1) ਬੋਰਡ ਜਾਂ ਇਸ ਦੁਆਰਾ ਅਧਿਕਾਰਤ ਅਧਿਕਾਰੀ ਪਵਿੱਤਰ ਅਸਥਾਨ ਦੇ ਕਿਸੇ ਵੀ ਕਰਮਚਾਰੀ ਨੂੰ ਮੁਅੱਤਲ, ਹਟਾ ਜਾਂ ਬਰਖ਼ਾਸਤ ਕਰ ਸਕਦਾ ਹੈ,-

(ੳ) ਇਸ ਐਕਟ ਦੇ ਉਪਬੰਧਾਂ ਅਧੀਨ ਬੋਰਡ ਜਾਂ ਸਰਕਾਰ ਦੁਆਰਾ ਜਾਰੀ ਕੀਤੇ ਗਏ ਕਿਸੇ ਵੀ ਹੁਕਮ ਦੀ ਜਾਣਬੁੱਝ ਕੇ ਅਵੱਗਿਆ ਕਰਨ ਲਈ; ਜਾਂ

(ਅ) ਇਸ ਐਕਟ ਦੀ ਉਲੰਘਣਾ ਵਿੱਚ ਪਵਿੱਤਰ ਅਸਥਾਨ ਦੇ ਬਾਰੇ ਵਿੱਚ ਕਿਸੇ ਵੀ ਦੁਰਵਿਵਹਾਰ, ਕਾਨੂੰਨੀ-ਅਵੱਗਿਆ, ਟ੍ਰਸਟ ਭੰਗ ਜਾਂ ਕਰਤੱਵ ਦੀ ਕੋਤਾਹੀ ਜਾਂ ਕਿਸੇ ਸੰਪੱਤੀ ਦੀ ਹੱਥ ਬਦਲੀ ਕਰਨ ਲਈ;

(ੲ) ਪਵਿੱਤਰ ਅਸਥਾਨ ਦੀਆਂ ਸੰਪੱਤੀਆਂ ਦਾ ਦੁਰਨਮਿੱਤਣ ਜਾਂ ਉਨ੍ਹਾਂ ਬਾਰੇ ਅਣਉਚਿਤ ਕਾਰਵਾਈ ਕਰਨ ਲਈ; ਜਾਂ

(ਸ) ਪਵਿੱਤਰ ਅਸਥਾਨ ਵਿੱਚ ਨਸ਼ੀਲੀ ਸ਼ਰਾਬ ਜਾਂ ਨਸ਼ੀਲੇ ਪਦਾਰਥਾਂ ਦੇ ਪ੍ਰਭਾਵ ਅਧੀਨ ਪਾਏ ਜਾਣ ਲਈ; ਜਾਂ

(ਹ) ਚਿੱਤ ਵਿਗਾੜ ਜਾਂ ਹੋਰ ਮਾਨਸਿਕ ਜਾਂ ਸਰੀਰਕ ਨੁਕਸ ਜਾਂ ਦੁਰਬਲਤਾ ਲਈ ਜੋ ਉਸ ਨੂੰ ਕਾਰਜਾਂ ਨੂੰ ਨਿਭਾਉਣ ਦੇ ਅਯੋਗ ਬਣਾਉਂਦੀ ਹੈ:

ਪਰੰਤੂ ਬੋਰਡ ਦੁਆਰਾ ਜਾਂ ਇਸ ਧਾਰਾ ਅਧੀਨ ਇਸ ਦੁਆਰਾ ਅਧਿਕਾਰਤ ਅਧਿਕਾਰੀ ਦੁਆਰਾ ਕਿਸੇ ਵੀ ਕਰਮਚਾਰੀ ਨੂੰ ਹਟਾਇਆ ਜਾਂ ਬਰਖ਼ਾਸਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਸ ਨੂੰ ਸੁਣਵਾਈ ਦਾ ਵਾਜਬ ਮੌਕਾ ਨਾ ਦਿੱਤਾ ਗਿਆ ਹੋਵੇ।

(2) ਕੋਈ ਵੀ ਕਰਮਚਾਰੀ ਜਿਸ ਨੂੰ ਉਪ-ਧਾਰਾ (1) ਅਧੀਨ ਬੋਰਡ ਜਾਂ ਇਸ ਦੁਆਰਾ ਅਧਿਕਾਰਤ ਅਧਿਕਾਰੀ ਦੁਆਰਾ ਮੁਅੱਤਲ, ਹਟਾਇਆ ਜਾਂ ਬਰਖ਼ਾਸਤ ਕੀਤਾ ਗਿਆ ਹੈ, ਮੁਅੱਤਲੀ, ਹਟਾਉਣ ਜਾਂ ਬਰਖ਼ਾਸਤਗੀ ਦੇ ਹੁਕਮ ਪ੍ਰਾਪਤ ਹੋਣ ਦੀ ਤਰੀਕ ਤੋਂ ਇੱਕ ਮਹੀਨੇ ਦੇ ਅੰਦਰ, ਅਜਿਹੀ ਅਥਾਰਟੀ ਨੂੰ ਅਤੇ ਅਜਿਹੇ ਤਰੀਕੇ ਨਾਲ ਅਪੀਲ ਕਰ ਸਕਦਾ ਹੈ, ਜਿਵੇਂ ਮੁਕੱਰਰ ਕੀਤਾ ਜਾਵੇ।

(3) ਪਵਿੱਤਰ ਅਸਥਾਨ ਦੀ ਵਿੱਤੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਤਰ੍ਹਾਂ ਮੁਅੱਤਲ ਕੀਤੇ ਗਏ ਕਰਮਚਾਰੀ ਨੂੰ ਅਜਿਹਾ ਗੁਜ਼ਾਰਾ ਭੱਤਾ ਦਿੱਤਾ ਜਾ

ਸਕਦਾ ਹੈ, ਜਿਵੇਂ ਬੋਰਡ ਜਾਂ ਇਸ ਦੁਆਰਾ ਅਧਿਕਾਰਤ ਅਧਿਕਾਰੀ ਦੁਆਰਾ ਨਿਯਤ ਕੀਤਾ ਜਾਵੇ।

29. ਇੱਕ ਵਿਅਕਤੀ ਪੁਜਾਰੀ ਵਜੋਂ ਨਿਯੁਕਤ ਕੀਤੇ ਜਾਣ ਅਤੇ ਬਣੇ ਰਹਿਣ ਲਈ ਨਾਕਾਬਲ ਹੋ ਜਾਵੇਗਾ,- ਪੁਜਾਰੀਆਂ ਦੀ ਨਾਕਾਬਲੀਅਤ।

(ੳ) ਜੇ ਉਹ ਅਮੁਕਤ ਦਿਵਾਲੀਆ ਹੈ; ਜਾਂ

(ਅ) ਜੇ ਉਹ ਵਿਗੜ-ਚਿੱਤ ਹੈ ਅਤੇ ਕਿਸੇ ਸਮਰੱਥ ਅਦਾਲਤ ਨੇ ਉਸ ਨੂੰ ਅਜਿਹਾ ਐਲਾਨ ਰੱਖਿਆ ਹੈ; ਜਾਂ

(ੲ) ਜੇ ਉਹ ਸਿੱਧੇ ਜਾਂ ਅਸਿੱਧੇ ਤੌਰ ਤੇ ਪਵਿੱਤਰ ਅਸਥਾਨ ਦੇ ਕਿਸੇ ਮੌਜੂਦਾ ਪੱਟੇ ਜਾਂ ਕਿਸੇ ਸੰਪੱਤੀ, ਜਾਂ ਉਸ ਨਾਲ ਕੀਤੇ ਗਏ ਮੁਆਇਦੇ ਜਾਂ ਉਸ ਲਈ ਕੀਤੇ ਜਾ ਰਹੇ ਕਿਸੇ ਕੰਮ ਵਿੱਚ ਜਾਂ ਪਵਿੱਤਰ ਅਸਥਾਨ ਨੂੰ ਕਿਸੇ ਬਣਦੇ ਅਦਾਇਗੀ-ਯੋਗ ਬਕਾਏ ਵਿੱਚ ਹਿੱਤ-ਬੱਧ ਹੈ; ਜਾਂ

(ਸ) ਜੇ ਉਹ ਪਵਿੱਤਰ ਅਸਥਾਨ ਦੇ ਨਮਿੱਤ ਜਾਂ ਇਸ ਦੇ ਵਿਰੁੱਧ ਕਾਨੂੰਨੀ ਪ੍ਰੈਕਟੀਸ਼ਨਰ ਵਜੋਂ ਪੇਸ਼ ਹੋ ਰਿਹਾ ਹੈ; ਜਾਂ

(ਹ) ਜੇ ਉਸ ਨੂੰ ਸਦਾਚਾਰਕ ਗਿਰਾਵਟ ਵਿੱਚ ਪਲਚਿਤ ਕਿਸੇ ਅਪਰਾਧ ਲਈ ਫ਼ੌਜਦਾਰੀ ਅਦਾਲਤ ਦੁਆਰਾ ਦੰਡ ਦਿੱਤਾ ਗਿਆ ਹੈ, ਅਤੇ ਅਜਿਹੇ ਦੰਡ ਨੂੰ ਉਲਟਾ ਨਹੀਂ ਦਿੱਤਾ ਗਿਆ; ਜਾਂ

(ਕ) ਜੇ ਉਸ ਨੇ ਪਵਿੱਤਰ ਅਸਥਾਨ ਦੇ ਹਿੱਤ ਦੇ ਵਿਰੁੱਧ ਕੰਮ ਕੀਤਾ ਹੈ; ਜਾਂ

(ਖ) ਜੇ ਉਹ ਨਸ਼ੀਲੀ ਸ਼ਰਾਬ ਜਾਂ ਨਸ਼ੀਲੇ ਪਦਾਰਥਾਂ ਦਾ ਆਦੀ ਹੈ; ਜਾਂ

(ਗ) ਜੇ ਉਸ ਨੇ ਇੱਕੀ ਸਾਲ ਦੀ ਉਮਰ ਪੂਰੀ ਨਹੀਂ ਕੀਤੀ ਹੈ।

30. (1) ਜਦੋਂ ਪਵਿੱਤਰ ਅਸਥਾਨ ਦੇ ਪੁਜਾਰੀ ਦੇ ਅਹੁਦੇ ਤੇ ਸਥਾਈ ਆਸਾਮੀ ਖ਼ਾਲੀ ਹੁੰਦੀ ਹੈ, ਤਾਂ ਪੁਜਾਰੀ ਨੂੰ ਬੋਰਡ ਦੁਆਰਾ ਜਾਂ ਇਸ ਦੁਆਰਾ ਅਧਿਕਾਰਤ ਅਧਿਕਾਰੀ ਦੁਆਰਾ ਨਿਯੁਕਤ ਕੀਤਾ ਜਾਵੇਗਾ। ਪੁਜਾਰੀਆਂ ਦੇ ਅਹੁਦੇ ਵਿੱਚ ਖ਼ਾਲੀ ਆਸਾਮੀ ਨੂੰ ਭਰਨਾ।

(2) ਜਦੋਂ ਕਿਸੇ ਪੁਜਾਰੀ ਦੀ ਮੁਅੱਤਲੀ ਦੇ ਕਾਰਨ ਅਜਿਹੇ ਅਹੁਦੇ ਤੇ ਅਸਥਾਈ ਆਸਾਮੀ ਖ਼ਾਲੀ ਹੁੰਦੀ ਹੈ, ਤਾਂ ਉਸ ਦੀ ਜਗ੍ਹਾ ਤੇ ਇੱਕ ਪੁਜਾਰੀ ਨੂੰ ਬੋਰਡ ਜਾਂ ਇਸ ਦੁਆਰਾ ਅਧਿਕਾਰਤ ਅਧਿਕਾਰੀ ਦੁਆਰਾ ਪੁਜਾਰੀ ਦੇ ਕਾਰਜਾਂ ਨੂੰ ਨਿਭਾਉਣ ਲਈ ਨਿਯੁਕਤ ਕੀਤਾ ਜਾਵੇਗਾ ਜਦੋਂ ਤੱਕ ਉਸ ਦੀ ਨਿਰਯੋਗਤਾ ਖਤਮ ਨਹੀਂ ਹੋ ਜਾਂਦੀ।

31. (1) ਬੋਰਡ ਦਾ ਮੈਂਬਰ-ਸਕੱਤਰ ਹਰੇਕ ਸਾਲ ਦਸੰਬਰ ਦੇ ਅੰਤ ਤੋਂ ਪਹਿਲਾਂ, ਅਗਲੇ ਵਿੱਤੀ ਸਾਲ ਦੌਰਾਨ ਪਵਿੱਤਰ ਅਸਥਾਨ ਦੀ ਅਧਿਸੰਭਵ ਆਮਦਨ ਅਤੇ ਖ਼ਰਚ ਨੂੰ ਦਰਸਾਉਂਦਾ ਇੱਕ ਬਜਟ, ਅਜਿਹੀ ਅਥਾਰਟੀ ਨੂੰ ਅਤੇ ਅਜਿਹੇ ਰੂਪ ਅਤੇ ਤਰੀਕੇ ਨਾਲ ਪੇਸ਼ ਕਰੇਗਾ, ਜਿਵੇਂ ਮੁਕੱਰਰ ਕੀਤਾ ਜਾਵੇ। ਪਵਿੱਤਰ ਅਸਥਾਨ ਦਾ ਬਜਟ।

(2) ਹਰੇਕ ਅਜਿਹਾ ਬਜਟ ਇਹਨਾਂ ਲਈ ਚੋਖੇ ਉਪਬੰਧ ਕਰੇਗਾ,-

(ੳ) ਤੱਤ ਸਮੇਂ ਲਈ ਨਾਫ਼ਜ਼ ਖ਼ਰਚ ਦਾ ਪੈਮਾਨਾ ਅਤੇ ਰਵਾਜੀ ਖ਼ਰਚ;

(ਅ) ਪਵਿੱਤਰ ਅਸਥਾਨ ਤੇ ਬੰਧਨਕਾਰੀ ਸਾਰੀਆਂ ਦੇਣਦਾਰੀਆਂ ਦਾ ਯੋਗ ਨਿਪਟਾਰਾ;

(ੲ) ਪਵਿੱਤਰ ਅਸਥਾਨ ਦੇ ਉਦੇਸ਼ਾਂ ਨਾਲ ਅਸੰਗਤ ਨਾ ਹੋਣ ਵਾਲੇ ਧਾਰਮਿਕ, ਵਿੱਦਿਅਕ ਅਤੇ ਦਾਨ-ਆਧਾਰੀ ਪ੍ਰਯੋਜਨਾਂ ਤੇ ਖ਼ਰਚ;

(ਸ) ਪਵਿੱਤਰ ਅਸਥਾਨ ਦੇ ਸਿਧਾਂਤਾਂ ਅਨੁਸਾਰ ਧਾਰਮਿਕ ਨਿਰਦੇਸ਼ਾਂ ਨੂੰ ਉਤਸ਼ਾਹਿਤ ਕਰਨਾ ਅਤੇ ਫ਼ੈਲਾਉਣਾ; ਅਤੇ

(ਹ) ਪਵਿੱਤਰ ਅਸਥਾਨ ਦੀਆਂ ਇਮਾਰਤਾਂ ਦੀ ਮੁਰੰਮਤ ਅਤੇ ਨਵੀਨੀਕਰਨ ਅਤੇ ਸੰਪੱਤੀਆਂ ਅਤੇ ਧਨਧਾਮਾਂ ਦੇ ਪਰਿਰੱਖਣ ਅਤੇ ਹਿਫ਼ਾਜ਼ਤ ਕਰਨ ਤੇ ਖ਼ਰਚ।

(3) ਬੋਰਡ, ਬਜਟ ਪ੍ਰਾਪਤ ਹੋਣ ਤੇ, ਇਸ ਵਿੱਚ ਅਜਿਹੇ ਬਦਲਾਅ, ਉਕਾਈਆਂ ਜਾਂ ਵਾਧੇ ਕਰ ਸਕਦਾ ਹੈ, ਜਿਵੇਂ ਇਹ ਉਚਿਤ ਸਮਝੇ।

(4) ਤੱਤ ਸਮੇਂ ਲਈ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਜਾਂ ਇਸ ਦੇ ਉਲਟ ਕਿਸੇ ਵੀ ਰਵਾਜ, ਪ੍ਰਥਾ ਜਾਂ ਦਸਤੂਰ ਵਿੱਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪਵਿੱਤਰ ਅਸਥਾਨ ਦੇ ਬਾਰੇ ਕਿਸੇ ਵੀ ਅਹੁਦਾ ਧਾਰਕ ਦੇ ਮਿਹਨਤਾਨੇ ਲਈ ਜਾਂ ਖ਼ਰਚ ਦੀ ਕਿਸੇ ਹੋਰ ਮੱਦ ਲਈ ਬਣਾਏ ਗਏ ਉਪਬੰਧ ਬੋਰਡ ਦੁਆਰਾ ਵਧਾਏ, ਘਟਾਏ ਜਾਂ ਰੂਪਭੇਦ ਕੀਤੇ ਜਾ ਸਕਦੇ ਹਨ ਜੇਕਰ ਅਜਿਹਾ ਵਾਧਾ, ਘਾਟਾ, ਜਾਂ ਰੂਪਭੇਦ ਪਵਿੱਤਰ ਅਸਥਾਨ ਦੀ ਵਿੱਤੀ ਹਾਲਤ ਅਤੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਰੂਰੀ ਸਮਝਿਆ ਜਾਂਦਾ ਹੈ।

ਲੇਖੇ।

32. (1) ਬੋਰਡ ਦੁਆਰਾ ਅਧਿਕਾਰਤ ਅਧਿਕਾਰੀ ਸਾਰੀਆਂ ਪ੍ਰਾਪਤੀਆਂ ਅਤੇ ਵੰਡੀਆਂ ਰਕਮਾਂ ਦੇ ਨਿਯਮਤ ਲੇਖੇ ਰੱਖੇਗਾ। ਅਜਿਹੇ ਲੇਖੇ ਹਰੇਕ ਕੈਲੰਡਰ ਸਾਲ ਵੱਖਰੇ ਤੌਰ ਤੇ ਅਜਿਹੇ ਰੂਪ ਵਿੱਚ ਰੱਖੇ ਜਾਣਗੇ ਅਤੇ ਇਨ੍ਹਾਂ ਵਿੱਚ ਅਜਿਹੇ ਵੇਰਵੇ ਹੋਣਗੇ, ਜਿਵੇਂ ਮੁਕੱਰਰ ਕੀਤਾ ਜਾਵੇ।

(2) ਪਵਿੱਤਰ ਅਸਥਾਨ ਦੇ ਲੇਖਿਆਂ ਦਾ ਸਲਾਨਾ ਆਡਿਟ ਇੱਕ ਵਿਅਕਤੀ ਦੁਆਰਾ ਜੋ ਚਾਰਟਰਡ ਲੇਖਾਕਾਰ ਐਕਟ, 1949 (1949 ਦਾ ਨੰ: 38) ਦੇ ਅਰਥਾਂ ਵਿੱਚ ਇੱਕ ਚਾਰਟਰਡ ਲੇਖਾਕਾਰ ਹੈ, ਜਾਂ ਅਜਿਹੇ ਵਿਅਕਤੀ ਦੁਆਰਾ ਜੋ ਸਰਕਾਰ ਦੁਆਰਾ ਇਸ ਨਮਿੱਤ ਅਧਿਕਾਰਤ ਹੋਵੇ, ਕੀਤਾ ਜਾਵੇਗਾ।

(3) ਉਪ-ਧਾਰਾ (2) ਅਧੀਨ ਆਡਿਟ ਕਰਨ ਵਾਲੇ ਹਰੇਕ ਆਡੀਟਰ ਕੋਲ ਬੋਰਡ ਦੁਆਰਾ ਅਧਿਕਾਰਤ ਅਧਿਕਾਰੀ ਦੇ ਕਬਜ਼ੇ ਵਿਚਲੇ ਜਾਂ ਉਸ ਦੇ ਕੰਟਰੋਲ

ਅਧੀਨ ਲੇਖਿਆਂ ਅਤੇ ਸਾਰੀਆਂ ਕਿਤਾਬਾਂ, ਵਾਊਚਰਾਂ ਹੋਰ ਦਸਤਾਵੇਜ਼ਾਂ ਅਤੇ ਰਿਕਾਰਡਾਂ ਤੱਕ ਪਹੁੰਚ ਹੋਵੇਗੀ।

ਪੁਜਾਰੀਆਂ ਆਦਿ ਦੁਆਰਾ ਇਸ ਐਕਟ ਦੇ ਉਪਬੰਧਾਂ ਦੀ ਪਾਲਣਾ ਕਰਨ ਤੋਂ ਇਨਕਾਰ ਕਰਨ ਲਈ ਡੰਨ।

33. ਜੇਕਰ ਕੋਈ ਪੁਜਾਰੀ, ਅਧਿਕਾਰੀ, ਸੇਵਕ ਜਾਂ ਪਵਿੱਤਰ ਅਸਥਾਨ ਦੇ ਪ੍ਰਸ਼ਾਸਨ ਨਾਲ ਸਬੰਧਤ ਕੋਈ ਹੋਰ ਵਿਅਕਤੀ,-

(ੳ) ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਇਸ ਅਧੀਨ ਜਾਰੀ ਕੀਤੇ ਗਏ ਹੁਕਮਾਂ ਅਤੇ ਨਿਰਦੇਸ਼ਾਂ ਦੀ ਪਾਲਣਾ ਕਰਨ ਤੋਂ ਇਨਕਾਰ ਕਰਦਾ ਹੈ ਜਾਂ ਜਾਣਬੁੱਝ ਕੇ ਅਸਫ਼ਲ ਰਹਿੰਦਾ ਹੈ ਜਾਂ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਕੀਤੀ ਜਾਣ ਵਾਲੀ ਕਿਸੇ ਵੀ ਕਾਰਵਾਈ ਵਿੱਚ ਰੁਕਾਵਟ ਪਾਉਂਦਾ ਹੈ; ਜਾਂ

(ਅ) ਇਸ ਐਕਟ ਅਧੀਨ ਮੰਗੀਆਂ ਗਈਆਂ ਕੋਈ ਵੀ ਰਿਪੋਟਾਂ, ਵਿਵਰਣਾਂ, ਲੇਖਿਆਂ ਜਾਂ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰਦਾ ਹੈ ਜਾਂ ਜਾਣਬੁੱਝ ਕੇ ਅਸਫ਼ਲ ਰਹਿੰਦਾ ਹੈ,

ਉਸ ਨੂੰ ਬਿਨ੍ਹਾਂ ਕਿਸੇ ਨੋਟਿਸ ਤੋਂ ਹਟਾ ਦਿੱਤਾ ਜਾਵੇਗਾ।

ਪਵਿੱਤਰ ਅਸਥਾਨ ਦੀ ਜਾਇਦਾਦ ਨੂੰ ਗਲਤ ਤਰੀਕੇ ਨਾਲ ਰੋਕਣ ਲਈ ਸਜ਼ਾ।

34. ਕੋਈ ਵਿਅਕਤੀ ਜੋ,-

(ੳ) ਪਵਿੱਤਰ ਅਸਥਾਨ ਨਾਲ ਸਬੰਧਤ ਕਿਸੇ ਸੰਪੱਤੀ, ਦਸਤਾਵੇਜ਼ ਜਾਂ ਲੇਖਾ ਪੁਸਤਕਾਂ ਦਾ ਕਬਜ਼ਾ, ਸੰਭਾਲ ਜਾਂ ਕੰਟਰੋਲ ਰੱਖਦਾ ਹੈ, ਜਿਸ ਦਾ ਪ੍ਰਬੰਧਨ ਅਤੇ ਕੰਟਰੋਲ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਅਧੀਨ ਵਿਨਿਯਮਤ ਕੀਤਾ ਗਿਆ ਹੈ, ਅਜਿਹੀ ਸੰਪੱਤੀ ਜਾਂ ਦਸਤਾਵੇਜ਼ ਜਾਂ ਲੇਖਿਆਂ ਦੀਆਂ ਕਿਤਾਬਾਂ ਬੋਰਡ ਜਾਂ ਸਰਕਾਰ ਜਾਂ ਬੋਰਡ ਦੁਆਰਾ ਉਨ੍ਹਾਂ ਦਾ ਨਿਰੀਖਣ ਕਰਨ ਜਾਂ ਮੰਗਵਾਉਣ ਲਈ ਅਧਿਕਾਰਤ ਕਿਸੇ ਹੋਰ ਵਿਅਕਤੀ ਨੂੰ ਗਲਤ ਤਰੀਕੇ ਨਾਲ ਰੋਕਦਾ ਹੈ; ਜਾਂ

(ਅ) ਬੋਰਡ ਦੀ ਕਿਸੇ ਸੰਪੱਤੀ, ਦਸਤਾਵੇਜ਼ ਜਾਂ ਲੇਖਾ-ਪੁਸਤਕਾਂ ਦਾ ਗਲਤ ਢੰਗ ਨਾਲ ਕਬਜ਼ਾ ਪ੍ਰਾਪਤ ਕਰਦਾ ਹੈ ਜਾਂ ਰੱਖਦਾ ਹੈ ਜਾਂ ਜਾਣਬੁੱਝ ਕੇ ਬੋਰਡ ਜਾਂ ਇਸ ਦੁਆਰਾ ਨਮਿੱਤ ਅਧਿਕਾਰਤ ਕਿਸੇ ਹੋਰ ਵਿਅਕਤੀ ਦੇ ਹਵਾਲੇ ਕਰਨ ਜਾਂ ਦੇਣ ਲਈ ਰੋਕੀ ਰੱਖਦਾ ਹੈ; ਜਾਂ ਅਸਫ਼ਲ ਰਹਿੰਦਾ ਹੈ; ਜਾਂ

(ੲ) ਪਵਿੱਤਰ ਅਸਥਾਨ ਦੀ ਸੰਪੱਤੀ, ਦਸਤਾਵੇਜ਼ ਜਾਂ ਲੇਖਾ-ਪੁਸਤਕਾਂ ਨੂੰ ਗਲਤ ਢੰਗ ਨਾਲ ਹਟਾਉਂਦਾ ਹੈ, ਨਸ਼ਟ ਕਰਦਾ ਹੈ ਜਾਂ ਵਿਗਾੜਦਾ ਹੈ,

ਅਜਿਹੀ ਅਉਧ ਲਈ ਕੈਦ ਨਾਲ ਜੋ ਇੱਕ ਸਾਲ ਤੱਕ ਹੋ ਸਕੇਗੀ, ਜਾਂ ਜੁਰਮਾਨੇ ਨਾਲ, ਜਾਂ ਦੋਹਾਂ ਨਾਲ, ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

ਇਸ ਐਕਟ ਅਧੀਨ ਕੀਤੀ ਗਈ ਕਾਰਵਾਈ ਦੀ ਹਿਫ਼ਾਜ਼ਤ।

35. (1) ਸਰਕਾਰ ਦਾ ਕੋਈ ਵੀ ਅਧਿਕਾਰੀ ਜਾਂ ਸੇਵਕ ਇਸ ਐਕਟ ਅਧੀਨ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਕੀਤੇ ਗਏ ਜਾਂ ਕੀਤੇ ਜਾਣੇ ਤਾਤਪਰਜਤ ਕਿਸੇ ਵੀ ਕੰਮ ਦੇ ਬਾਰੇ ਕਿਸੇ ਦੀਵਾਨੀ ਜਾਂ ਫ਼ੌਜਦਾਰੀ ਕਾਰਵਾਈਆਂ ਵਿੱਚ ਭਾਗੀ ਨਹੀਂ ਹੋਵੇਗਾ, ਜੇ ਇਹ ਕੰਮ ਨੇਕ-ਨੀਤੀ ਨਾਲ ਅਤੇ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਜਾਂ ਇਸ ਅਧੀਨ ਅਰੋਪੇ ਗਏ ਕਰਤੱਵਾਂ ਜਾਂ ਸੌਂਪੇ ਗਏ ਕਾਜਕਾਰਾਂ ਦੇ ਅਨੁਕ੍ਰਮ ਵਿੱਚ ਕੀਤਾ ਗਿਆ ਹੈ।

(2) ਇਸ ਐਕਟ ਦੇ ਕਿਸੇ ਵੀ ਉਪਬੰਧਾਂ ਦੇ ਕਾਰਨ ਹੋਏ ਜਾਂ ਕਿਸੇ ਸੰਭਾਵੀ ਨੁਕਸਾਨ ਜਾਂ ਹੋਈ ਜਾਂ ਕਿਸੇ ਸੰਭਾਵੀ ਹਾਨੀ ਜਾਂ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਅਨੁਸਰਣ ਵਿੱਚ ਨੇਕ ਨੀਤੀ ਨਾਲ ਕੀਤੀ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਸਰਕਾਰ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਨਿਰਦੇਸ਼ ਦੇਣ ਦੀ ਸ਼ਕਤੀ।

36. ਸਰਕਾਰ, ਸਮੇਂ ਸਮੇਂ ਤੇ ਇਸ ਐਕਟ ਦੇ ਉਪਬੰਧਾਂ ਦੇ ਪ੍ਰਭਾਵੀ ਪਰਿਪਾਲਣ ਲਈ ਬੋਰਡ ਨੂੰ ਲਿਖਤੀ ਰੂਪ ਵਿੱਚ ਅਜਿਹੇ ਆਮ ਜਾਂ ਵਿਸ਼ੇਸ਼ ਨਿਰਦੇਸ਼ ਦੇ ਸਕਦੀ ਹੈ ਅਤੇ ਇਸ ਤਰ੍ਹਾਂ ਕਰਦੇ ਸਮੇਂ ਬੋਰਡ ਦੁਆਰਾ ਕੀਤੇ ਗਏ ਕਿਸੇ ਵੀ ਹੁਕਮ ਨੂੰ ਵਿਖੰਡਤ, ਬਦਲ ਜਾਂ ਰੂਪਭੇਦ ਕਰ ਸਕਦੀ ਹੈ ਅਤੇ ਬੋਰਡ ਆਪਣੇ ਕਰਤੱਵਾਂ ਨੂੰ ਨਿਭਾਉਣ ਵਿੱਚ ਉਨ੍ਹਾਂ ਦੀ ਪੈਰਵੀ ਕਰੇਗਾ।

ਸਰਕਾਰ ਦੀ ਨਜ਼ਰਸਾਨੀ ਕਰਨ ਦੀ ਸ਼ਕਤੀ।

37. ਸਰਕਾਰ, ਆਪਣੇ-ਆਪ ਜਾਂ ਕਿਸੇ ਵਿਅਕਤੀ ਦੁਆਰਾ ਦਾਇਰ ਕੀਤੀ ਗਈ ਅਰਜ਼ੀ ਤੇ ਜੋ ਇਸ ਐਕਟ ਅਧੀਨ ਬੋਰਡ ਦੇ ਕਿਸੇ ਵੀ ਹੁਕਮ ਜਾਂ ਫ਼ੈਸਲੇ ਤੋਂ ਆਪਣੇ ਆਪ ਨੂੰ ਦੁਖਿਤ ਸਮਝਦਾ ਹੈ, ਅਜਿਹੇ ਹੁਕਮ ਜਾਂ ਫ਼ੈਸਲੇ ਦੀ ਨਜਰਸ਼ਾਨੀ ਕਰ ਸਕਦੀ ਹੈ ਅਤੇ ਉਸ ਤੇ ਅਜਿਹਾ ਹੁਕਮ ਦੇ ਸਕਦੀ ਹੈ ਜਿਵੇਂ ਉਹ ਠੀਕ ਸਮਝਦੀ ਹੈ:

ਪਰੰਤੂ ਇਸ ਧਾਰਾ ਅਧੀਨ ਕੋਈ ਹੁਕਮ ਕੀਤੇ ਜਾਣ ਤੋਂ ਪਹਿਲਾਂ, ਸਰਕਾਰ ਕਿਸੇ ਵਿਅਕਤੀ ਨੂੰ, ਜਿਸ ਤੇ ਅਜਿਹੇ ਹੁਕਮ ਤੋਂ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੋਵੇ, ਸੁਣਵਾਈ ਦਾ ਮੌਕਾ ਦੇਵੇਗੀ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

38. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਬਣਾ ਸਕੇਗੀ ਜੋ ਇਸ ਐਕਟ ਦੇ ਪ੍ਰਯੋਜਨਾਂ ਨਾਲ ਅਸੰਗਤ ਨਾ ਹੋਣ ਜੋ ਉਸ ਨੂੰ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਜਾਂ ਉਚਿਤ ਪ੍ਰਤੀਤ ਹੋਣ।

ਅਧਿਕਾਰਤਾ ਤੇ ਰੋਕ।

39. ਇਸ ਐਕਟ ਵਿੱਚ ਸਪੱਸ਼ਟ ਤੌਰ ਤੇ ਉਪਬੰਧਤ ਨੂੰ ਛੱਡ ਕੇ, ਕਿਸੇ ਦੀਵਾਨੀ ਅਦਾਲਤ ਨੂੰ ਕਿਸੇ ਝਗੜੇ ਜਾਂ ਮਾਮਲੇ ਤੇ ਵਿਚਾਰ ਕਰਨ ਜਾਂ ਫ਼ੈਸਲਾ ਕਰਨ ਦੀ ਅਧਿਕਾਰਤਾ ਨਹੀਂ ਹੋਵੇਗੀ ਜਿਸ ਦਾ ਫ਼ੈਸਲਾ ਇਸ ਐਕਟ ਅਧੀਨ ਕਿਸੇ ਅਧਿਕਾਰੀ ਜਾਂ ਅਥਾਰਟੀ ਦੁਆਰਾ ਕੀਤਾ ਜਾਣਾ ਹੈ ਅਤੇ ਜਿਸ ਦੇ ਬਾਰੇ ਵਿੱਚ ਅਜਿਹੇ ਅਧਿਕਾਰੀ ਜਾਂ ਅਥਾਰਟੀ ਦਾ ਫ਼ੈਸਲਾ ਜਾਂ ਹੁਕਮ ਅੰਤਮ ਅਤੇ ਨਿਰਣੇਈ ਬਣ ਗਿਆ ਹੈ।

ਨਿਯਮ ਬਣਾਉਣ ਦੀ ਸ਼ਕਤੀ।

40. (1) ਸਰਕਾਰ ਪੂਰਵ ਪ੍ਰਕਾਸ਼ਨ ਦੀ ਸ਼ਰਤ ਦੇ ਤਾਬੇ, ਇਸ ਐਕਟ ਦੇ ਉਪਬੰਧ ਨਿਯਮਾਂ ਨੂੰ ਪ੍ਰਭਾਵੀ ਬਣਾਉਣ ਦੇ ਪ੍ਰਯੋਜਨ ਲਈ ਨਿਯਮ ਬਣਾ ਸਕੇਗੀ।

(2) ਪੂਰਵਗਾਮੀ ਸ਼ਕਤੀਆਂ ਦੀ ਵਿਆਪਕਤਾ 'ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖਿਆਂ ਲਈ ਉਪਬੰਧ ਕਰ ਸਕਦੇ ਹਨ,-

(ੳ) ਉਹ ਰੂਪ ਅਤੇ ਤਰੀਕਾ ਜਿਸ ਵਿੱਚ ਧਾਰਾ 20 ਅਧੀਨ ਰਜਿਸਟਰਾਂ ਨੂੰ ਰੱਖਿਆ ਜਾਣਾ ਹੈ;

(ਅ) ਧਾਰਾ 21 ਅਧੀਨ ਰਜਿਸਟਰਾਂ ਵਿੱਚ ਇੰਦਰਾਜਾਂ ਦੀ ਜਾਂਚ;

(ੲ) ਉਹ ਤਰੀਕਾ ਜਿਸ ਵਿੱਚ ਧਾਰਾ 24 ਅਧੀਨ ਜਾਂਚ ਦਾ ਸੰਚਾਲਣ ਕੀਤਾ ਜਾਣਾ ਹੈ;

(ਸ) ਧਾਰਾ 28 ਅਧੀਨ ਅਪੀਲ ਕਿਸ ਅਥਾਰਟੀ ਕੋਲ ਅਤੇ ਕਿਸ ਤਰੀਕੇ ਨਾਲ ਦਾਇਰ ਕੀਤੀ ਜਾਣੀ ਹੈ;

(ਹ) ਰੂਪ ਅਤੇ ਤਰੀਕਾ ਜਿਸ ਵਿੱਚ ਧਾਰਾ 31 ਅਧੀਨ ਬਜਟ ਤਿਆਰ ਕੀਤਾ ਜਾਣਾ ਹੈ;

(ਕ) ਵਿਵਰਣ, ਰਿਟਰਨਾਂ ਅਤੇ ਇਸ ਐਕਟ ਦੁਆਰਾ ਜਾਂ ਅਧੀਨ ਰੱਖੇ ਜਾਣ ਵਾਲੇ ਹੋਰ ਫ਼ਾਰਮਾਂ ਦਾ ਰੂਪ ਅਤੇ ਉਹ ਤਰੀਕਾ ਜਿਸ ਵਿੱਚ ਇਹਨਾਂ ਨੂੰ ਰੱਖਿਆ ਜਾਣਾ ਹੈ:

(ਖ) ਬੋਰਡ ਦੁਆਰਾ ਅਧਿਕਾਰਤ ਅਧਿਕਾਰੀ ਦੁਆਰਾ ਪੇਸ਼ ਕੀਤੀ ਜਾਣ ਵਾਲੀ ਰਿਟਰਨਾਂ, ਲੇਖੇ ਜਾਂ ਹੋਰ ਜਾਣਕਾਰੀ;

(ਗ) ਪਵਿੱਤਰ ਅਸਥਾਨ ਦੀਆਂ ਸੰਪੱਤੀਆਂ ਅਤੇ ਇਮਾਰਤਾਂ ਦਾ ਪਰਿਰੱਖਣ, ਰੱਖ-ਰਖਾਅ, ਪ੍ਰਬੰਧਨ ਅਤੇ ਸੁਧਾਰ;

(ਘ) ਮੰਦਰਾਂ ਵਿੱਚ ਮੂਰਤੀਆਂ ਅਤੇ ਪ੍ਰਤਿਮਾਵਾਂ ਦੀ ਸੰਭਾਲ; ਅਤੇ

(ਙ) ਕੋਈ ਹੋਰ ਮਾਮਲਾ ਜੋ ਇਸ ਐਕਟ ਅਧੀਨ ਮੁਕੱਰਰ ਕੀਤਾ ਜਾਣਾ ਹੈ ਜਾਂ ਕੀਤਾ ਜਾ ਸਕਦਾ ਹੈ।

(3) ਇਸ ਧਾਰਾ ਅਧੀਨ ਸਰਕਾਰ ਦੁਆਰਾ ਬਣਾਇਆ ਗਿਆ ਹਰੇਕ ਨਿਯਮ, ਇਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਉਸ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਇਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ ਅਜਿਹੇ ਕਿਸੇ ਰੂਪਭੇਦ ਜਾਂ

ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਜਾਣੀ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਪਵਿੱਤਰ ਅਸਥਾਨ ਤੇ ਕੁੱਝ ਕਾਨੂੰਨਾਂ ਦਾ ਲਾਗੂ ਨ ਹੋਣਾ।

41. ਜਿਸ ਤਰੀਕ ਨੂੰ ਅਤੇ ਤੋਂ ਇਸ ਐਕਟ ਦੇ ਉਪਬੰਧਾਂ ਨੂੰ ਪਵਿੱਤਰ ਅਸਥਾਨ ਤੇ ਲਾਗੂ ਕੀਤਾ ਜਾਂਦਾ ਹੈ, ਉਸ ਤਰੀਕ ਤੋਂ ਕਿਸੇ ਹੋਰ ਕਾਨੂੰਨ ਦੇ ਉਪਬੰਧ, ਜੋ ਧਾਰਮਿਕ ਸਥਾਨ 'ਤੇ ਲਾਗੂ ਹੋ ਸਕਦੇ ਸਨ, ਉਸ ਤੇ ਲਾਗੂ ਨਹੀਂ ਰਹਿਣਗੇ:

ਪਰੰਤੂ ਅਜਿਹੀ ਸਮਾਪਤੀ ਕਿਸੇ ਵੀ ਤਰੀਕੇ ਨਾਲ,-

(ੳ) ਕੋਈ ਅਧਿਕਾਰ, ਹੱਕ, ਹਿੱਤ, ਬਾਂਧ ਜਾਂ ਦੇਣਦਾਰੀ ਜੋ ਪਹਿਲਾਂ ਹੀ ਅਰਜਤ, ਹਾਸਲ ਕੀਤੀ ਜਾਂ ਉਠਾਈ ਗਈ ਹੈ; ਜਾਂ

(ਅ) ਅਜਿਹੇ ਅਧਿਕਾਰ, ਹੱਕ, ਹਿੱਤ, ਬਾਂਧ ਜਾਂ ਦੇਣਦਾਰੀ ਦੇ ਬਾਰੇ ਵਿੱਚ ਸ਼ੁਰੂ ਕੀਤੀ ਗਈ ਅਤੇ ਕਿਸੇ ਵੀ ਉਪਾਅ ਲਈ ਹੋਰ ਕੋਈ ਕਾਨੂੰਨੀ ਕਾਰਵਾਈ; ਜਾਂ

(ੲ) ਕੁੱਝ ਵੀ ਜੋ ਸਹੀ ਢੰਗ ਨਾਲ ਕੀਤਾ ਗਿਆ ਜਾਂ ਸਹਿਣ ਕੀਤਾ ਗਿਆ ਹੈ,

ਨੂੰ ਪ੍ਰਭਾਵਿਤ ਨਹੀਂ ਕਰੇਗੀ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3576/12-2025/Pb. Govt. Press, S.A.S. Nagar*